15497-ਚ

ਸਾਨ ਸਰ ਵਿਰਖ

ਸਥਾਵੀ - ਗੁਰ

15497-ਚ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

187.00

41.00

22.80

[20.00

23.10

35.00

17.00

40.00

138.00

22.90

77.00

84.00

---

ਬ ਸਰਕਾਰ ਪ੍ਰੈਸ, ਪਟਿਆਲਾ।

6. ਅਮਰ ਕਵੀ ਗੁਰੂ ਅਮਰ ਦਾਸ

7. ਗੁਰਮਤ ਸਾਹਿਤ

8. ਗੁਰਮਤ ਸਾਹਿਤ ਵਿਵੇਚਨ

9. ਗੁਰੂ ਨਾਨਕ ਸ਼ਬਦ ਰਤਨਾਕਰ

10. ਗੁਰੂ ਨਾਨਕ ਸੂਰਜੋਦੇ ਜਨਮ ਸਾਖੀ

11. ਚੋਣਵੀਂ ਬਾਣੀ ਗੁਰੂ ਗੋਬਿੰਦ ਸਿੰਘ

12. ਵਹਿ ਪ੍ਰਗਟਿਓ ਮਰਦ ਅਗੰਮੜਾ

13. ਮਹਿਮਾ ਪ੍ਰਕਾਸ਼ ਭਾਗ ਦੂਜਾ ਹਿੰਦੀ

14. ਸ਼ਬਦ ਸਲੋਕ

15. ਗੁਰੂ ਰਵਿਦਾਸ ਜੀ ਦਾ ਭਗਤੀ ਮਾਰਗ

16. ਗੁਰੂ ਰਵਿਦਾਸ ਜੀਵਨੀ ਤੇ ਬਾਣੀ ਦੀ ਪ੍ਰਮਾਣਿ

---

906 -1-1-93-

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਸ: 64 ਤੋਂ 73(8L) = 10 ਪਤ੍ਰੀਆਂ 154976
ਉੱਚਸੇਵਾ ਵਿਖੇ, ਸ੍ਰੀ ਡਾਇਰੈਕਟਰ ਸਾਹਿਬ, ਪੰਜਾਬੀ ਵਿਭਾਗ, ਪਟਿਆਲਾ 20.9.1966

ਸਤਿ ਨਾਮੁ

सर्व मंगल मागल्ये ! शिवे ! सर्वार्थ साधिके ।
शरणया त्र्यम्बके ! गौरि ! नारायणि नमोस्तुते ॥

## ਪੰਜਾਬੀ ਕਵਿਤਾ ਅਰੁ ਸਾਹਿਤਕ ਸੁੰਦ੍ਰਤਾਆਂ

# ਮਾਨਸਕ ਵਿਕਾਰ

## ਅਥਵਾ

# ਭਾਵ (EMOTIONS)

(ਕੇਵਲ ੯ ਥਾਈ)

ਇਸ ਭਾਗ ਦੀ ਜਨਮ ਸਾਰਣੀ :-

| ਖਰੜਾ | ਭਾਖਾ | ਲਿਪੀ | ਸਨ | |
|---|---|---|---|---|
| ਪਹਿਲਾ | ਹਿੰਦਵੀ | ਫਾਰਸੀ | 1947–48 | |
| ਦੂਜਾ | ਹਿੰਦਵੀ | ਗੁਰਮੁਖੀ | 1954–55 | ਛਪਿਆ |
| ਤੀਜਾ | ਪੰਜਾਬੀ | ਗੁਰਮੁਖੀ | 1960–61 | 1966 |

ਸਗੁਣ, ਸਲੂਖਣ, ਸੁਭ, ਸਰਸ, ਸੁਵਰਨ, ਸੁਪਦ ਸਰਾਗ ।
ਇਸ ਕਵਿਤਾ ਅਰੁ ਕਾਮਨੀ ਲਹੇ ਜੁ ਸੁ ਵਡ ਭਾਗ ॥
(ਬਿਹਾਰੀ)

ਪਹਿਲੀ ਵਾਰ 500
1966
ਮੁਲ ਪ੍ਰਤੀ ਕਾਪੀ ੫੦ ਪੈਸੇ

ਸੰਪਾਦਕ
ਜਗਤ ਰਾਮ ਸੂਦ
ਬਡੇਸਰੋਂ ਤਹਿਸੀਲ ਗੜ੍ਹਸ਼ਕਰ

80

Digitized by Panjab Digital Library | www.panjabdigilib.org

**ਉੱਦੇਸ਼ :-** ਸਾਹਿੱਤ ਸੇਵਾ ਤੇ ਰਿਖੀ ਰਿਣ ਤੋਂ ਸੁਰਖਰੂਈ ॥
ਹੋਰ ਭੀ ਆਖਿਆ ਗਿਆ ਹੈ :-

'No man when he hath lighted a candle putteth it in a secret place, neither under a bushel, but on a candle-stick' that they which come in may see the light

St. Luke $\frac{11}{33}$

ਕੋਈ ਮਨੁਖ ਜਦੋਂ ਮੋਮ ਬੱਤੀ ਜਗਾਉਂਦਾ ਹੈ, ਉਸ ਨੂੰ ਕਿਸੇ ਲੁਕੇ ਛਿਪੇ ਥਾਉਂ ਤੇ ਨਹੀਂ ਰਖਦਾ, ਤੇ ਨਾਂ ਹੀ ਕਿਸੇ ਪੀਪੇ ਦੇ ਥੱਲੇ, ਪਰ ਦੀਓਟ ਉਤੇ ਧਰਦਾ ਹੈ, ਭਈ ਜੇ ਕੋਈ ਉਥੇ ਆਵੇ ਉਹ ਚਾਨਣਾ ਪਾਵੇ ॥

ਸੰਤ ਲੀਯੂਕ $\frac{11}{33}$

# ਕ੍ਰਿਤੱਗਤਾ ਤੇ ਸਮਰਪਨ

ਅਤਿ ਅਪਾਰ ਜੇ ਸਰਿਤਵਰ, ਜੋ ਨ੍ਰਿਪ ਸੇਤੁ ਕਰਾਹਿ ।
ਚੜ੍ਹਿ ਪਿਪੀਲਿਕਾ ਪਰਮ ਲਘੁ, ਬਿਨ ਸ੍ਰਮ ਪਾਰਹਿ ਜਾਹਿ ।

ਜਿਨ੍ਹਾਂ ਗ੍ਰੰਥਾਂ ਦੀ ਸਹਾਇਤਾ ਦੇ ਭਰੋਸੇ, ਇਹ ਸਾਹਿੱਤ ਸੇਵੀ ਇਸ ਗਹਣ ਵਿਸ਼ੇਂ ਚ ਧਸਿਆ ਹੈ, ਉਨਹਾਂ ਦੇ ਆਚਾਰਯਾਂ, ਤੇ ਜਿਨਹਾਂ ਆਚਾਰਯਾਂ ਦੀ ਸਾਕਸ਼ਾਤ ਸੰਗਤਿ ਤੋਂ ਲਾਭ ਉਠਾਇਆ ਹੈ, ਇਹ ਸੇਵਾਦਾਰ ਉਨ੍ਹਾਂ ਦਾ ਕ੍ਰਿਤੱਗਯ ਹੈ ॥ ਤੇ

ਮੇਰਾ ਇਸ ਮੇਂ ਕੁਛ ਨਹੀਂ ਜੋ ਹੈ ਸੋ ਤੇਰਾ ।
ਤੇਰਾ ਤੁਝ ਕੌ ਸਉਪਤ ਕਿਆ ਲਾਗੇ ਮੇਰਾ ॥

ਦੇ ਅਨੁਰੂਪ ਉਨ੍ਹਾਂ ਨੂੰ ਈ ਸਮਰਪਿਤ ਹੈ :-

ਪ੍ਰਕਾਸ਼ਕ
ਜਗਤ ਰਾਮ ਸੂਦ ਸੰਪਾਦਕ ਬਡੇਸਰੋਂ ਤਹਿਸੀਲ ਗੜ੍ਹ ਗੜ੍ਹਸ਼ੰਕਰ

---

*Printed at* RAJU Printing Press Rerian Bazar
NAWANSHAHR DOABA *(Jullundur)*

Digitized by Panjab Digital Library | www.panjabdigilib.org

154979



# ਪਾਠਕ ਮਹਾਨੁਭਾਵਾਂ ਅੱਗੇ ਬੇਨਤੀ

1 ਪੁਸਤਕ ਦੀ ਛਪਾਈ 'ਚ ਕਈ ਇਕ ਭੁੱਲਾਂ ਹਨ ਜਿਹੜੀਆਂ ਪੜ੍ਹਦੇ ਸਮਯ ਰੜਕਦੀਆਂ ਹਨ। ਇਸ ਲੇਖਕ ਨੂੰ ਉਨ੍ਹਾਂ ਦੇ ਵਾਸਤੇ ਖੇਦ ਹੈ ਇਕ ਅਸ਼ੁਧੀ ਸ਼ੁੱਧੀ ਕੋਸ਼ਠਕ ਦਿੱਤਾ ਜਾਂਦਾ ਹੈ। ਪਾਠਕ ਸ੍ਰੀਮਾਨ ਆਪਨੀ ੨ ਪੋਥੀ ਇਸ ਦੇ ਅਨੁਸਾਰ ਠੀਕ ਕਰ ਲੈਨ ਦੀ ਕ੍ਰਿਪਾ ਕਰਨ।

2 ਕੋਈ ੨ ਸੱਜਨ ਆਂਸਦੀ ਲਿਖਾਉਣ ਚ ਕੁਛ ਅਖਰਾਂ ਦੇ ਪ੍ਰਯੋਗ ਨੂੰ ਪੁਰ ਉਂਗਲੀ ਰਖਦੇ ਹਨ। ਇਸ ਸੇਵਾਦਾਰ ਦੀ ਅਰਜ਼ ਹੈ, ਕਿ ਇਹ ਰੂਪ ਪੁਰਾਣੇ ਆਚਾਰਯਾਂ ਨੇ ਵਰਤੇ ਹਨ॥

੧. ਜਿਵੇ, "ਣ" ਤੇ "ਨ"

(1) ਪਵਣ ਗੁਰੂ ਪਾਣੀ ਪਿਤਾ.................. ਜਪਜੀ ਸਾਹਬ

(2) "ਪਉਨ ਕੇ ਗਉਨ ਕੋ ਜਾਤ ਨਿਵਾਰੇ" ਸਵੈਯ ਪਾਤਸ਼ਾਹੀ ੧੦

(3) ਬਾਰ ਲਗੀ ਨਹੀਂ ਪਉਨ ਕੇ ਪੂਤਹਿ" ਹਨੁਮਾਨ ਨਾਟਕ ੬/੨੪

੨: 'ਢ' ਤੇ 'ੜ੍ਹ'

(1) ਸੁਤ ਅਸਰਯ ਜੋ ਪ੍ਰਭ ਕੇ ਦ੍ਰਢ ਬੰਧਨ ਹੈ ਦ੍ਰੜ ਗ੍ਰੰਥ ਮਹਾ ਦੁਖਦਾਈ॥ ਪ੍ਰਬੋਧ ਚੰਦ ਨਾਟਕ। ੧/੧੪੨॥

(2) ਕੇਸੁ ਸੁ ਧੌਲ ਸਿਰ ਕੇ ਸੁ ਜਰਾ ਜਗ ਸਾਪਮਿ ਡੰਕ ਚਲਾਏ। ਤੱਦਪਿ ਮੂਢ ਚਹੇ ਧਨ ਕੋ ਸੁਖ ਹੇਤੁ ਕਬੀ ਨਹ ਰਾਮ ਧਿਆਏ॥ ਪ੍ਰਬੋਧ ਚੰਦ ਨਾਟਕ। ੪/੧੦੧॥

੩. "ਯਾ" ਤੇ "ਇਆ"

ਕੰਮ ਕਿਤੇ ਪਿਉ ਚਲਿਆ ਨਾਮਦੇਵ ਨੂੰ ਆਖ ਸਿਧਾਯਾ।
ਠਾਕਰ ਦੀ ਸੇਵਾ ਕਰੀ ਦੁਧ ਪਿਆਵਣ ਕਹਿ ਸਮਝਾਯਾ।
ਵਾਰ ਸ੍ਰੀ ਭਾ: ਗੁਰਦਾਸ। ੧੦/੧੦

Digitized by Panjab Digital Library | www.panjabdigilib.org

ਗਆਨ ਦੇ ਸਰੂਪ ਦੇਖਿਏ ॥

(1) ਗਯਾਨ ਧਿਯਾਨ ਸਿਮ੍ਰਣ ਜੁਗਤਿ ਗਰ ਮਤਿ ਮਿਲ ਗੁਰ ਪੂਰਾ ਪਾਯਾ
ਵਾਰ ੨੯/੧ ॥

(2) ਗਿਆਨ ਮਤੀ ਕਰ ਚਾਨਣਾ

(3) ਗਿਆਨ ਮਤੀ ਘਰ ਚਾਨਣਾ ਭ੍ਰਮ ਅਗਯਾਜ ਅੰਧੇਰ ਮਿਟਾਵੇ ॥
ਵਾਰ ੨੯/੧੩ ॥

# ਅਸ਼ੁਧੀ ਸੁਧੀ ਕੋਸ਼ਠਕ

| ਪੰਨਾ | ਪੰਗਤੀ | ਦੇ ਥਾਂਉਂ | ਪੜ੍ਹੀਏ | ਪੰਨਾ | ਪੰਗਤੀ | ਦ ਥਾਉਂ | ਪੜ੍ਹੀਏ |
|---|---|---|---|---|---|---|---|
| ੪ | ੨੨ | ਲਾਗਨ | ਲਾਗ ਨ | ੫ | ੩ | ਪਰਏ | ਪਰੋਏ |
| ੪ | ੨੨ | ਅਤਿਫੀਕਾ | ਅਤਿਫੀਕ | ੫ | ੪ | ਚੀਆਂ | ਸੱਚੀਆਂ |
| ੫ | ੫ | ਨੇ | ਚੁਨੇ | ੧੨ | ੧੩ | ਜੇ | ਨੇ |
| ੫ | ੮ | ਪਟੋਇਏ | ਪਟੋਈਏ | ੧੩ | ੧੮ | ਦ | ਦੇ |
| ੫ | ੯ | ਮਹਾਨੁਭਵਾਂ | ਮਹਾਨੁਭਾਵਾਂ | ੧੪ | ੧੭ | ਦਵ | ਦੇਵ |
| ੬ | ੯ | ਸਭ | ਸਤ | ੧੪ | ੧੯ | ਹਵੈ | ਹੁਵੈ |
| ੭ | ੧੩ | ਗਭਯਤਾ | ਸਭਯਤਾ | ੧੪ | ੧੯ | ਜਾ ਫੰਸਾਂ | ਜਾਇ ਫੰਸੀ |
| ੭ | ੨੨ | ਦੰ | ਦੇ | ੧੪ | ੨੦ | | ਅੰਗਾਇ |
| ੯ | ੩ | ਬਭਾਵ | ਬਿਭਾਵ | ੧੫ | ੧੯ | ਜਗਯੋ | ਜਰਾਯੋ |
| ੧੧ | ੯ | ਬ੍ਰਹੇਮਦ੍ਰ | ਬ੍ਰਹੇਮੰਦ੍ਰ | ੧੫ | ੨੦ | ਹਰਿਹਹ | ਹਰਿਹਰ |
| ੧੧ | ੯ | ਸੁਰਮਾਨ ਵੈ | ਸੁਰਮਾਨਵੈ | ੧੫ | ੨੪ | ਦਾਰੂ | ਦਾਰੂ ਨ |
| ੧੧ | ੧[illegible] | ਸਾਮੇ | ਸਾ ਮੇ | | | | ਬਤਾਉ ਹੈ |

ਇਸ ਤੋਂ ਅੱਗੇ ਅਸ਼ੁਧੀ ਸੁਧੀ ਕੋਸ਼ਠਕ ਸਫਾ ੩੮ ਤੇ ਪੜ੍ਹੀਏ ॥

Digitized by Panjab Digital Library | www.panjabdigilib.org

# ਪ੍ਰਾਕੱਥਨ

ਇਸ ਭਾਗ ਦੀ ਜਨਮ ਸਾਰਣੀ ਮੁਖ ਪੱਨੇ ਤੇ ਦੇ ਦਿਤੀ ਗਈ ਹੈ।

ਅਸਾਂ ਨਹੀ ਕਹ ਸਕਦੇ ਜੇ ਪੰਜਾਬੀ ਜ਼ਬਾਨ ਚ ਕੋਈ ਅਜੇਹੀ ਪੁਸਤਕ ਲਿਖੀ ਗਈ ਹੋਵੇ, ਜਿਸ ਨੂੰ ਰੀਤਿ-ਗ੍ਰੰਥ' ਆਖਿਆ ਜਾ ਸਕੇ। ਰੀਤਿ-ਗ੍ਰੰਥ ਵਿਚ ਪਿੰਗਲ, ਅਲੰਕਾਰ, ਰਸ ਤੇ ਹੋਰ ਹੋਰ ਸਾਹਿਤਕ ਵਿਸ਼ਿਆਂ ਉੱਤੇ ਚਰਚਾ ਕੀਤੀ ਹੋਈ ਹੁੰਦੀ ਹੈ। ਪੰਜਾਬ ਦਾ ਪੁਰਾਨਾ (ਹਿੰਦੂਆਨਾ) ਕਾਵਯ ਤਾਂ ਹੈ ਹੀ ਭਾਖਾ 'ਚ, ਜਿਹਾ ਕੁ ਪੁਸਤਕ 'ਬਬੀਹਾ ਬੋਲ' ਦੇ ਲੇਖਕ ਸ਼੍ਰੀਮਾਨ ਨੇ ਭੀ ਮੰਨਿਆ ਹੈ। ਫੇਰ ਜਿਹੜੀਆਂ ਕਵਿਤਾਆਂ ਪੰਜਾਬੀ ਜਬਾਨ 'ਚ ਰਚੀਆਂ ਗਈਆਂ, ਉਨ੍ਹਾਂ ਦੀ ਧਾਰਨਾਂ ਵੀ ਹਿੰਦੀ ਭਾਖਾ ਦੀ ਰਹੀ ਹੈ। ਉਹ ਅਧਿਕ ਕਰਕੇ ਕਬਿਤ, ਸਵੈਯਾ, ਦੋਹਾਂ ਤੇ ਹੋਰ ੨ ਹਿੰਦੀ ਪਿੰਗਲ 'ਚ ਦਿੱਤੇ ਗਏ ਛੰਦਾਂ 'ਚ ਹਨ। ਬਾਵਾ ਬੁਧ ਸਿੰਘ ਜੀ ਨੇ ਆਪਨੀ ਪੁਸਤਕ "ਬਬੀਹਾ ਬੋਲ" 'ਚ ਲਿਖਿਆ ਹੈ, ਕਿ ਪੰਜਾਬੀ ਜ਼ਬਾਨ ਕਵਿਤਾ ਵਿਚ ਪਹਿਲੋਂ ਪਹਿਲ ਮੁਸਲਿਮ ਕਵੀਆਂ ਨੇ ਆਂਦੀ, ਤੇ ਹਿੰਦੂ ਕਵੀ ਅਧਿਕ ਕਰਕੇ ਹਿੰਦੀ ਜ਼ਬਾਨ ਹੀ ਬਰਤਿਆ ਕਰਦੇ ਸਨ, ਤੇ ਸ਼ੈਲੀ ਭੀ ਭਾਖਾ ਕਵਿਤਾ ਦੀ ਸ਼ੈਲੀ ਹੀ ਥੀ, ਸੋ ਹੋ ਸਕਦਾ ਹੈ ਕਿ ਏਸੇ ਕਰਕੇ ਕਿਸੇ ਅਲਗ ਪੰਜਾਬੀ ਰੀਤਿ-ਗ੍ਰੰਥ ਦੀ ਰਚਨਾ ਨਾ ਹੋਈ ਹੋਵੇ। ਹਾਂ ਇਸ ਕਮੀ ਦਾ ਇਹ ਪਰਿਣਾਮ ਨਹੀਂ, ਕਿ ਪੰਜਾਬੀ ਕਵਿਤਾ ਉਨ੍ਹਾਂ ਸੁੰਦ੍ਰਤਾਆਂ ਤੋਂ ਸਖਣੀ ਹੈ, ਜਿਨ੍ਹਾਂ ਨਾਲ ਇਹ ਚਮਕ ਉਠਦੀ ਹੈ, ਜਾਂ ਇਸ ਵਿਚ ਮਾਨਸਕ ਭਾਵਾਂ ਦੀ ਓਜੇਹੀ ਚਿੱਤ੍ਰਕਾਰੀ ਨਹੀਂ ਮਿਲਦੀ ਜਿਹੜੀ ਕਵਿਤਾ ਦਾ ਇਕ ਅਤਿਆਵੱਸਕ ਅੰਗ ਹੈ। ਜਿਸ ਪ੍ਰਕਾਰ ਦੇ ਗ੍ਰੰਥਾਂ ਦੇ ਅਭਾਵ ਦਾ ਅਸਾਂ ਆਖਿਆ ਹੈ, ਉਹ ਹਨ, ਜਿਨ੍ਹਾਂ ਵਿਚ ਇਨਹਾ ਅੰਗਾਂ ਦੀ ਵਿਆਖਿਆ ਕੀਤੀ ਗਈ ਹੋਵੇ। ਤੇ ਜੇ ਕੋਈ ਅਜੇਹਾ ਗ੍ਰੰਥ ਹੋਵੇ ਤਾਂ ਅਸਾਂ ਅਪਣੀ ਅਜਾਨਕਾਰੀ ਦੇ ਵਾਸਤੇ ਖਿਮਾਂ-ਮੰਗਦੇ ਹਾਂ। ਹੋਰ ਕੋਈ ਪੁਸਤਕ ਮਿਲਦੀ ਵੀ ਹੋਵੇ, ਤਾਂ ਵੀ ਇਸ ਪੁਸਤਕ ਮਾਲਾ ਵਿਚ Illustrations (ਉਦਾਹਰਣ), ਪੰਜਾਬੀ ਦੇ ਪ੍ਰਸਿੱਧ ਕਵੀਆਂ ਦੀ ਰਚਨਾਆਂ ਚੋਂ ਹੋਣਗੇ ਤੇ ਸਾਥ ਹੀ ਸਬਲ ਵੀ ਦਸਿਆ ਗਯਾ ਮਿਲੂਗਾ, ਜਿਸ ਕਰਕੇ ਅਲੰਕਾਰ ਦੀ ਯਾ ਰਸ ਪਦਾਰਥ ਦੀ ਸਮਝ ਸੌਖੀ ਹੋ ਆਵੇਗੀ।।

Digitized by Panjab Digital Library | www.panjabdigilib.org

## ਹੋਰ ਹੋਰ ਕ੍ਰਿਤੱਗਤਾਆਂ :-

ਇਕ ਗਾਥਾ ਹੈ ਕਿ ਕਿਸੇ ਕੁਮ੍ਹਿਆਰ ਨੂੰ ਮੱਟੀ ਪੁਟਦਿਆਂ ਇਕ ਮਣਕਾ ਮਿਲਿਆ, ਉਸ ਨੇ ਉਹ ਆਪਣੇ ਗਧੇ ਦੇ ਕੰਢਲੇ ਚ ਪਰੋ ਦਿੱਤਾ । ਉਹ ਜਾਨਦਾ ਨਸੁ ਭਈ ਇਹ ਲਅਲ ਹੈ । ਕਿਸੇ ਦਿਨ ਇਕ ਆਦਮੀ ਦੀ ਨਿਗਹ ਓਸ ਕੰਢਲੇ ਤੇ ਪਈ ਅਤੁ ਉਸ ਨੇ ਕੁਮ੍ਹਾਰ ਦੀ ਸਾਦਗੀ ਭੀ ਤਾੜ ਲਈ । ਤੇ ਪੁਛਿਆ ਜੇ ਉਸ ਨੇ ਗਧਾ ਬੇਚਨਾ ਹੋਵੇ । ਕੁਮ੍ਹਾਰ ਰਾਜ਼ੀ ਹੋ ਗਯਾ, ਇਹ ਗੱਲ ਭੀ ਠਹਰ ਗਈ, ਭਈ ਕੰਢਲਾ ਖੋਲਨਾ ਨਹੀਂ ਹੋਊਗਾ । ਮੁੱਲ ਅਠ ਦਸ ਦਮੜੇ ਚੁਕਦਾ ਹੋਇਆ, ਤਾਰਿਆ ਗਯਾ, ਗਧੇ ਦਾ ਰੱਸਾ ਨਵੇਂ ਮਾਲਿਕ ਨੂੰ ਫੜਾ ਦਿੱਤਾ ਜਦੋਂ ਉਹ ਗਧੇ ਨੂੰ ਲੈ ਕੇ ਤੁਰਨ ਲਗਾ, ਤਾਂ ਮਣਕਾ ਖੱਖੜੀਆਂ ਹੋ ਕੇ ਗਿਰ ਪਯਾ । ਨਵਾਂ ਮਾਲਿਕ ਉਸ ਨੂੰ ਸੰਬੋਧਨ ਕਰਕੇ ਬੋਲਿਆ, ਕਿ ਤੂੰ ਜਿੰਨਾ ਚਿਰ ਇਕ ਉਜੇਹੇ ਆਦਮੀ ਦੇ ਪਾਸ ਰਿਹਾ, ਜਿਹੜਾ ਤੇਰੀ ਕਦਰ ਤੇ ਕੀਮਤ ਨਸੁ ਜਾਨਦ ਉਨ੍ਹਾਂ ਚਿਰ ਤਾਂ ਤੂੰ ਇਹ ਕੰਮ ਨ ਕੀਤਾ, ਤੇ ਹੁਣ ਜਦੋਂ ਤੇਰੀ ਕਦਰ ਹੋਉਨ ਦਾ ਵੇਲਾ ਆਯਾ ਤਾਂ ਤੂੰ ਖਿੜ ਪਯੋਂ ॥ ਆਖਿਆ ਜਾਂਦਾ ਹੈ, ਮਣਕਾ ਬੋਲਿਆ, ਸ਼ਖਸਾ ਤੈਂ ਜਾਨਦਿਆਂ ਹੋਇਆਂ ਵੀ ਮੇਰਾ ਮੁੱਲ ਨਹੀ ਦਿੱਤਾ, ਗਧੇ ਦਾ ਦਿਤਾ ਈ, ਸੋ ਜਾਹ ਗਧਾ ਲੈ ਜਾ । ਇਥੇ ਵੀ ਜਿਹਾ ਕੁ ਮਿਰਜ਼ਾ ਗਾਲਿਬ ਨੇ ਕਦੇ, ਆਖਿਆ ਸੀ ਮੇਰੇ ਦਾਅਵੇ ਪੈ ਯਹ ਹੁੱਜਤ ਹੈ ਕਿ ਮਸ਼ਹੂਰ ਨਹੀਂ ॥ ਇਸ ਯਤੀਮ ਲੇਖਕ (No party man) ਦੀ ਅਵਸਥਾ ਓਸੇ ਗਧੇ ਦੇ ਮੁੱਲ ਵਾਲੀ ਹੈ । ੧੧ ਵਰ੍ਹਿਆਂ ਦੀ ਫਕੀਰੀ ਫੇਰੀ ਦੀ ਖੈਰ ਖੈਰਾਤ ੩੪੦, ਦਮੜੇ, "ਪਾਦਿਹ ਮੁੱਠ ਚੀਨੇ ਦੀ ਜੋਗੀ ਜਾਵੇ ਨ ਦੁਆਰਿਓਂ ਖਾਲੀ",, ਖੈਰ: ਭਲਾ ਹੋਵੀ ਬਾਬਾ !!ਧੰਨਵਾਦ!!! ।

## ਸਾਹਿਤ ਪਾਰਖੂਆ :- ਤੇ ਅਦਬ ਨਵਾਜ਼ਾਂ ਦਾ ਧੰਨਵਾਦ ॥

ਨਿਜ ਕਬਿਤ ਕਿਹਿ ਲਾਗਹਿ ਨੀਕਾ । ਸਰਸ ਹੋਉ ਅਥਵਾ ਅਤਿਫ ੀਕਾ ।
ਜੇ ਪਰ ਭਣਿਤ ਸੁਨਤ ਹਰਖਾਹੀ । ਤੇ ਵਰ ਪੁਰੁਖ ਬਹੁਤ ਜਗ ਨਾਹੀਂ ॥

Digitized by Panjab Digital Library | www.panjabdigilib.org

ਜਗ ਬਹੁ ਨਰ ਸਰਿਤਾ ਸਮ ਭਾਈ । ਜੋ ਨਿਜ ਬਾਢ ਬਢੇ ਜਲ ਪਾਈ ।
ਸੱਜਨ ਸੁਕ੍ਰਿਤ ਸਿੰਧੂ ਸਮ ਕੋਈ । ਦੇਖ ਪੂਰ ਵਿਧੂ ਬਾਢੇ ਜੋਈ ॥
ਇਸ ਮਾਲਾ 'ਚ ਪਰੋਏ ਗਏ ਜਵਾਹਿਰਾਤ-ਉਦਾਹਰਨ (Illustartion) -ਤੱਤਿਆਂ ਤੇ ਸੁੱਚਿਆਂ ਖਾਨਾ ਉੱਚ ਕੋਟੀ ਦੇ ਕਵੀਆਂ ਦੀਆਂ ਰਚਨਾਆਂ-ਚੋਂ ਚੁਨੇ ਗਏ ਹਨ, ਇਸ ਸੇਵਾਂਦਾਰ ਨੇ ਤਾਂ ਇਕ ਪਰੋਣਹੀਏ ਦਾ ਕੰਮ ਕੀਤਾ ਹੈ। ਇਹ ਖਾਦਿਮ ਉਨ੍ਹਾਂ ਜੌਹਰੀਆਂ (Scholars ਸਾਹਿੱਤ ਪਾਰਖੂਆਂ ਤੇ ਅਦਬ ਨਵਾਜ਼ਾਂ) ਦਾ ਧੱਨਵਾਦੀ ਹੈ, ਜਿਨ੍ਹਾਂ ਨੇ ਇਸ ਮਾਲਾ ਦੇ ਮਨਕਿਆਂ ਨੂੰ ਪਰਸੰਸਾ ਤੇ ਪਰੋਣਏ ਦੀ Devotion (ਸਤਤ ਲਗਨ) ਨੂੰ ਮਾਨ ਪ੍ਰਦਾਨ ਕੀਤਾ ਵਿਸ਼ੇਸ ਕਰਕੇ ਇਨ੍ਹਾਂ ਮਹਾਨੁ-ਭਾਵਾਂ ਦਾ ।

(੧) ਸ਼੍ਰੀ ਅਕਬਾਲ ਸਿੰਘ ਜੀ ਹੈਡਮਾਸਟ੍ਰ ਪਖੋਵਾਲ ਬੀਢਾਂ (ਹੁਸ਼ਿਆਰ ਪੁਰ)
(੨) ਸ਼੍ਰੀ ਮਹਾਤਮਾ ਦੇਵੀ ਚੰਦ ਜੀ ਐਮ. ਏ. ਹੁਸ਼ਿਆਰ ਪੁਰ ।
(੩) ਸ਼੍ਰੀ ਡਾ; ਮੋਹਨ ਸਿੰਘ ਜੀ ਐਮ ਏ. ਪੀ.ਐਚ.ਡੀ, ।
(੪) ਸ਼੍ਰੀ ਹਰਨਾਮ ਸਿੰਘ ਜੀ ਸ਼ਾਨ ਐਮ. ਏ. ।
(੫) ਸ਼੍ਰੀ ਰਘਨੰਦਨ ਜੀ ਸ਼ਾਸਤ੍ਰੀ. ਐਮ. ਏ. ਐਮ. ਓ; ਐਲ ।
(੬) ਸ਼੍ਰੀ ਵੀਰ ਯੱਗ ਦੱਤ ਜੀ (ਜਨਸੰਘ) ।
(੭) ਸ਼੍ਰੀ ਰਣਬੀਰ ਸਿੰਘ ਜੀ ਐਮ ਏ· ਅਖਬਾਰ ਮਿਲਾਪ ॥
(੮) ਸ਼੍ਰੀ ਪੰਡਿਤ ਰਲਾ ਰਾਮ ਜੀ ਐਮ. ਏ, ਐਮ. ਐਲ. ਏ ।

# "ਇਕ ਲੇਖਕ ਨੂੰ ਅਮਦਾਦ ਮਿਲਨੀ ਹੀ ਚਾਹੀਏ ਵਾਲਾ ਉਦਾਰ ਭਾਵ"

ਸ਼੍ਰੀ ਕਲਿਆਨ ਸਿੰਘ ਜੀ ਢਿਲੋਂ ਇਲਾਕੇ ਦੇ ਆਪਣੀ ਧੁਨ ਦੇ ਪੱਕੇ ਸਿਆਸੀ ਮਰਦਹਨ ਇਸ ਸੇਵਾਦਾਰ ਨੇ ਇਕ ਬਾਰ ਆਪਨੇ ਉਰਦੂ ਪੈਮਫਲੇਟ ਭੇਂਟ ਕੀਤੇ ਅਸਾਂ ਦੇ ਆਖਨੇ ਪੁਰ ਭੀ ਕਿ ਇਹ ਤਾਂ ਭੇਂਟ ਰੂਪ ਚੋਂ ਹੀ ਗਏ ਹਨ । ਉਨ੍ਹਾਂ ਨੇ ਆਖਿਆ, ਲੇਖਕ ਨੂੰ ਮਾਲੀ ਸਹੈਤਾ ਹੋਨੀ ਹੀ ਚਾਹੀਏ, ਤੇ ਉਨ੍ਹਾਂ ਨ ਪੈਸਾਂ ਪੁਜਾਏ । ਇਸੇ ਤਰਾਂ ਵੀਰ ਯਗਯ ਦਤ ਜੀ ਨੇ ਉਰਦੂ ਪੈਮਫਲੇਟਾਂ ਦੇ ਪੈਸ

Digitized by Panjab Digital Library | www.panjabdigilib.org

ਦਿੱਤੇ । ਗੁਰਮੁਖੀ ਪੁਸਤਕ 'ਪੰਜਾਬੀ ਕਵਿਤਾ ਅਰੁ ਸ਼ਬਦ ਅਲੰਕਾਰ' ਦੇ ਵਾਸਤੇ ਸਹਾਯਤਾ ਰੂਪ 'ਚ ਮਾਯਾ ਪ੍ਰਦਾਨ ਕੀਤੀ, ਫੇਰ "ਪ੍ਰਹੁਪ ਗੁੱਥ ਅਥਵਾ ਭਾਫ਼ਾਈ ਹੱਥ ਬੱਤੀ" ਨਾਉਂ ਦੀ ਹਿੰਦੀ ਪੁਸਤਕ ਦੀਆਂ ੨੫ ਪ੍ਰਤੀਆਂ ਦੇ ਵਾਸਤੇ ੨੦, ਦਮੜੇ ਭੇਜੇ, ਤਤਪਸ਼ਚਾਤ ਅਸਾਂ ਚਾਹੋ ੨੫ ਕਾਪੀਆਂ ਹੋਰ ਭੇਜ ਕੇ ਉਹ ੫੦ ਕਰ ਦਿੱਤੀਆਂ । ਪਰ ਦੱਸਨ ਵਾਲੀ ਗੱਲ ਇਹ ਹੈ, ਕਿ ਇਸ ਸੇਵਾ ਦਾਰ ਦੇ ਲਿਖਨੇ ਤੇ, ਭਈ ੨੫ ਕਾਪੀਆਂ ਤਾਂ ਦਸ ਦਮੜਿਆਂ ਦੀਆਂ ਹਨ, ਵੀਰ ਜੀ ਨੇ ਲਿਖਿਆ ਇਤਨੇ ਮਾਤ੍ਰ ਸੇ ਨ ਤੋ ਆਪਕੇ ਕਾਰਯ ਕੀ ਸਹਾਯਤਾ ਹੀ ਸੰਭਵ ਥੀ, ਨ ਇਸੇ ਪੁਸਤਕੋਂ ਕਾ ਮੁੱਲ ਕਹਾ ਜਾ ਸਕਤਾ ਹੈ । ਯਹ ਤੋ ਕੇਵਲ ਸਮਾਜ ਏਵਮ ਸਾਹਿਤਯ ਕੀ ਸੇਵਾ ਮੇਂ ਸਤਤ ਸ਼੍ਰਧਾ ਭਾਵ ਸੇ ਸੰਲਗਨ ਸਭ ਪੁਰਖੋਂ ਕੇ ਸ਼ੁਭ ਕਾਰਯ ਕੀ ਪੂਜਾ ਹੇਤੂ ਕੁਛ ਅਕਸ਼ਤ ਮਾਤ੍ਰ ਹੀ ਥੇ ।!! ਅਸਤੁ!! ਅਜੇਹੇ ਸਾਹਿੱਤ ਪਾਰਖੂ ਉਦਾਰ ਚਿੱਤ ਮਹਾਨੁਭਾਵ ਸਦਾ ਹੀ ਆਦ੍ਰ ਤੇ ਮਾਨਜੋਗ ਮਾਨਨੀਯ ਹਨ ॥

## ਸਾਹਿੱਤਕ ਸੁੰਦਰਤਾਆਂ ਤੇ ਸੈਯਦ ਫ਼ਜ਼ਲ ਸ਼ਾਹ

੬੦ ਵਰਿਹਾਂ ਤੋਂ ਉਪਰ ਹੋਏ, ਇਕ ਬੁਜ਼ੁਰਗ ਨੂੰ ਸੈਯਦ ਫ਼ਜ਼ਲ ਸ਼ਾਹ ਦੀ ਰਚਨਾ ਕਿੱਸਾ ਹੀਰ ਪਢਦਿਆਂ ਸੁਨਿਆ ਸੀ ਸ਼ਬਦਾਵਲੀ ਮਿੱਠੀ ਤੇ ਪਿਆਰੀ ਲਗਦੀ ਸੀ, ਫੇਰ ਕਦੇ ਆਨ ਕੇ ਇਕ ਪੋਥੀ ਖਰੀਦ ਭੀ ਲਈ, ਪਰ ਉਸ ਦੇ ਰਹੱਸ ਤੇ ਸੁੰਦ੍ਰਤਾਆਂ ਦਾ ਪਤਾ ਉਦੋਂ ਲੱਗਾ ਜਦ ਫੇਰ ਕਿਸੇ ਵੇਲੇ ਹਿੰਦੀ ਅਲੰਕਾਰ ਤੇ ਰਸ ਗ੍ਰੰਥਾਂ ਦਾ ਅਧਿਐਨ ਕੀਤਾ ਸੈਯਦ ਸਾਹਬ ਇਕ ਭੁਲਾਏ ਵਿਸਾਰੇ ਜਿਹੇ ਕਵੀ ਜਾਨ ਪੈਂਦੇ ਹਨ । ਐਸਾ ਜਾਨ ਪੈਂਦਾ ਹੈ ਕਿ ਸਾਹਿਤ ਗਗਨ ਵਿਚ ਉਨ੍ਹਾਂ ਦੀਆਂ ਉਚੀਆਂ ਉਡਾਰਿਆਂ ਨੇ ਹੀ ਉਨ੍ਹਾਂ ਨੂੰ ਸਾਧਾਰਨ ਦ੍ਰਿਸ਼ਟਿ ਤੋਂ ਓਝਲ ਕਰ ਛੱਡਿਆ ਹੈ । ਇਸ ਪੁਸਤਕ ਮਾਲਾ ਚ ਉਦਾਹਰਣ ਮੁਖ ਰੂਪ ਚ ਸੈਯਦ ਫ਼ਜ਼ਲ ਸ਼ਾਹ ਕ੍ਰਿਤ ਕਿਸਾ ਹੀਰ ਚੋਂ ਹੀ ਦਿਤੇ ਗਏ ਹਨ, ਸੋ ਜਿੱਥੇ ਨਵੇਂ 2 ਪਾਠਕਾਂ ਨੂੰ ਅਲੰਕਾਰ ਤੇ ਰਸ ਦੇ ਗਿਆਨ ਦੀ ਪ੍ਰਾਪਤੀ ਹੋਵੇਗੀ, ਉਥੇ ਸਾਥ ਹੀ ਉਸ ਬਜ਼ੁਰਗ ਨੂੰ ਜਾਨਨੇ ਦਾ ਅਵਸਰ ਭੀ

Digitized by Panjab Digital Library | www.panjabdigilib.org

ਮਿਲੇਗਾ ॥

ਵਿਦਵਾਨਾਂ ਤੇ ਗੁਣੀਆਂ ਗਿਆਨੀਆਂ ਅੱਗੇ ਬਿਨਤੀ ਹੈ ਕਿ ਜਿਥੇ ਕਿਤੇ ਕੋਈ ਭੁੱਲ ਚੁਕ ਪਾਉਨ ਤਾਂ ਆਪ ਸੋਧ ਕੇ ਪਢ ਲੈਨ ਦੀ ਕ੍ਰਿਪਾ ਕਰਨ । ਇਹ ਸੇਵਾਦਾਰ ਕਿਸੇ ਭਾਖਾ ਦਾ ਯਾ ਏਸ ਵਿਸ਼ਯ ਦਾ ਕੋਈ ਪੰਡਿਤ ਨਹੀਂ । ਮਨੁਖ ਤੋਂ ਭੁਲ ਚੁਕ ਹੋ ਜਾਨਾ, ਅਸੰਭਵ ਭੀ ਨਹੀ ਹੈ ।

ਪ੍ਰਾਕੱਥਨ ਸਮਾਪਤ ਹੁੰਦਾ ਹੈ।

# ਇਥੋਂ ਮੂਲ ਵਿਸ਼ੈ ਆਰੰਭ ਹੁੰਦਾ ਹੈ

## ਉੱਥਾਨਿਕਾ :- ਵਿਸ਼ਯ ਸਮਬੰਧੀ ਕੁਛ ਪਾਰੀਭਾਖਕ ਸ਼ਬਦ ॥

(੧) ਸੰਸਕ੍ਰਿਤੀ :- ਸ਼੍ਰੀ ਪ੍ਰਨਸੀਪਲ ਦੀਵਾਨ ਚੰਦ ਜੀ (ਕਾਨਪੁਰ ਵਾਲੇ) ਦੇ ਸ਼ਬਦਾਂ 'ਚ ਸੰਸਕ੍ਰਿਤੀ ਇਕ ਢਾਂਚਾ ਹੈ, ਜਿਹੜਾ ਕੋਈ ਸਮਾਜ ਆਪਨੇ ਨਾਗਰਿਕਾਂ ਨੂੰ ਇਕ ਨਿਸ਼ਚਿਤ ਰੰਗ ਰੂਪ ਦੇਣ ਲਈ ਤਿਆਰ ਕਰਦਾ ਹੈ । ਇਸ ਰੰਗ ਰੂਪ ਨੂੰ ਸਭਯਤਾ ਭੀ ਆਖਿਆ ਜਾ ਸਕਦਾ ਹੈ ।(ਆਰਯ ਗਜ਼ਟ ਦੇ ਇਕ ਪਰਚੇ ਚੋਂ)

(੨) ਸਾਹਿੱਤ :- ਕਿਸੇ ਦੇਸ਼ ਦੀ ਸਭਯਤਾ–ਉਥੇ ਦੇ ਨਿਵਾਸੀਆਂ ਦੇ ਰਹਣ ਬਹਣ, ਪੂਜਾ ਪਾਠ, ਦੇਵੀ ਦੇਵਤਿਆਂ ਤੇ ਪਿਤਾ ਪੁਰਖਾਆਂ ਦੀਆਂ ਕਥਾ ਕਹਾਨੀਆਂ ਇਤਿਆਦੀ ਦਾ ਲਿਖਿਆ ਹੋਇਆ ਭੰਡਾਰ ਸਾਹਿੱਤ ਅਖਾਉਂਦਾ ਹੈ ।

੩) ਕਾਵਯ :- ਕਵਿਤਾ 'ਚ ਲਿਖੇ ਹੋਏ ਸਾਹਿੱਤ ਨੂੰ ਕਾਵਯ ਨਾਉਂ ਦਿਤਾ ਗਯਾ ਹੈ ॥

(੪) ਅਲੰਕਾਰ :- ਕਿਸੇ ਵਾਕ 'ਚ ਪਾਯਾ ਜਾਣੇ ਵਾਲਾ ਚਮਤਕਾਰ ਅਲੰਕਾਰ ਅਖਾਉਂਦਾ ਹੈ । ਉਹ ਚਮਤਕਾਰ ਸ਼ਬਦਾਂ ਵਿਚ ਭੀ ਹੋ ਸਕਦਾ ਹੈ, ਤੇ ਸਬਦਾਂ ਦੇ ਅਰਥਾਂ ਵਿਚ ਭੀ ॥ ਸਬਦਾਲੰਕਾਰ ਪੁਰ (ਇਸ ਖਾਦਿਮ ਦੀ ਲਿਖੀ ਪੁਸਤਕ "ਵਿਦਿਆ ਮੰਦਰ" ਬਾਜ਼ਾਰ ਵਕੀਲਾਂ ਹੁਸ਼ਿਆਰ ਪੁਰ ਤੋਂ ਮਿਲ

Digitized by Panjab Digital Library | www.panjabdigilib.org

ਸਕਦੀ ਹੈ ॥

(੫) ਰਸ :- ਸੁਣ ਕਬਿਤ ਕੋ ਚਿੱਤ ਮਧਿ. ਸੁਧਿ ਨ ਰਹੇ ਕਛੁ ਔਰ ।
ਹੋਇ ਮਗਨ ਵਹੀ ਮੋਦ ਮੇਂ, ਸੋ ਰਸ ਕਹੈਂ ਸਿਰਮੌਰ ॥

ਕਿਸੀ ਕਵਿਤਾ ਨੂੰ ਯਾ ਕਹਾਨੀ ਨੂੰ ਸੁਣਦਿਆਂ, ਯਾ ਪੜ੍ਹਦਿਆਂ, ਯਾ ਕਈ ਤਮਾਸ਼ਾ, ਖੇਡ ਦੇਖਦਿਆਂ ਚਿਤ ਦਾ ਉਸ ਵਿਚ ਅਜੇਹਾ ਮਗਨ ਹੋ ਜਾਨਾ, ਕਿ ਹੋਰ ਕੋਈ ਸੁਧ ਨ ਰਹੇ, ਰਸ ਹੈ ॥

ਧਿਆਨ ਰਹੇ ਇਹ ਰਸ ਮੂਲ ਵਿਚ ਕੋਈ ਇੱਕਲੀ ਸ਼ੈ ਨਹੀ, ਬਰਨ (ਕਿਨ੍ਹੀ ਪਦਾਰਥਾਂ ਦਾ ਜੋਗ ਹੈ। (ਮੇਲ, ਮਿਸ਼ਰਨ ਹੈ,) ਮਾਨਸਿਕ ਵਿਕਾਰ ਅਥਵਾ ਭਾਵ ਉਨ੍ਹਾਂ ਅੰਗਾਂ ਚੋਂ ਇਕ ਅੰਗ ਹੁੰਦਾ ਹੈ ॥

ਭਾਵ ਕੀ ਸ਼ੈ ਹੈ ?

ਅਸਾਂ ਪ੍ਰਕ੍ਰਿਤੀ 'ਚ ਦੇਖਦੇ ਹਾਂ, ਕਿ ਕਈ ਬੇਲਾਂ, ਪੌਧੇ, ਬੂਟਿਆਂ ਤੇ 'ਘਾਸ ਆਦਿ ਕਿਸੇ ਵਿਸ਼ੇਸ਼ ਰਿਤੁ ਚ ਆਨਕੇ ਹੀ ਉਗਦੇ ਹਨ, ਉਨ੍ਹਾਂ ਨੂੰ ਕੋਈ ਜਣਾਂ ਬੀਜਦਾ ਨਹੀਂ ਉਹ ਸੁਅਤੇ ਹੀ ਉਗ ਆਉਂਦੀਆਂ ਹਨ ਜਿਵੇਂ ਬਰਸਾਤ 'ਚ ਖੁੰਬਾਂ ਬੱਦਲ ਦੀ ਗੱਜ ਗੜ੍ਹਕ ਨਾਲ ਨਿਕਲ ਆਉਦੀਆਂ ਹਨ, ਪੋਹਲੀ-ਕਸੁੰਭੀ -ਹਾੜੀ ਦੀ ਫ਼ਸਲ ਨਾਲ ਹੁੰਦੀ ਹੈ। ਇਹ ਕੀ ਗੱਲ ਹੈ ? ਵਾਸਤਵ 'ਚ ਇਜੇਹੀ ਬਨਸਪਤਿ ਦਾ ਬੀਜ ਭੋਂਇ ਵਿਚ ਦਬਿਆ ਪਿਆ ਰਹਿੰਦਾ ਹੈ, ਤੇ ਆਪਨੇ ਅਨੁਕੂਲ ਸਮੇ; ਜਲ ਤੇ ਵਾਯੂ ਪਾਕੇ ਫੁਟ ਆਉਂਦਾ ਹੈ। ਫੇਰ ਉਸ ਨੂੰ ਹੋਰ ੨ ਪਦਾਰਥ ਮਿਲ ਜਾਂਦੇ ਹਨ, ਤੇ ਉਹ ਪੌਧੇ ਬਢ, ਤੇ ਫੁਲ ਫੁਲਾ ਜਾਂਦੇ ਹਨ, ਇਹੀ ਅਵਸਥਾ ਇਨ੍ਹਾਂ ਭਾਵਾਂ ਦੀ ਹੈ। ਮਨੁਖ ਦੀ ਚਿੱਤ ਰੂਪੀ ਭੂਮੀ ਵਿਚ ਕੁਛ ਵਿਕਾਰ ਸੁੱਤੇ ਪਏ ਰਹਿੰਦੇ ਹਨ, ਕੋਈ ਸਮਯ ਪਾ ਕੇ, ਜਦੋਂ ਕੋਈ ਸ਼ੈ-ਘਟਨਾ ਆਦਿ-ਉਨ੍ਹਾਂ ਨੂੰ ਛੇੜਾ ਦੇ ਦਿੰਦੀ ਹੈ ਤਾਂ ਉਹ ਜਾਗ ਜਾਂਦੇ ਹਨ। ਉਨ੍ਹਾਂ 'ਚ ਗਤੀ (ਹਰਕਤ) ਪੈਦਾ ਹੋ ਆਉਂਦੀ ਹੈ ॥ (ਸਾਰੇ ਇਕਬਾਰਗੀ ਨਹੀ ਪਰ ਉਹੀ ਜਿਨਹਾਂ ਨੂੰ ਉਹ ਘਟਨਾ ਅਨੁਕੂਲ ਹੁੰਦੀ ਹੈ।) ਫੇਰ ਕੋਈ ਚੀਜ਼ ਓਨ੍ਹਾਂ ਨੂੰ ਉਤੇਜਨਾ ਦੇ ਦਿੰਦੀ ਹੈ ਤੇ ਉਹ ਹੋਰ ਤੇਜ ਹੋ ਜਾਂਦੇ ਹਨ।

ਵਿਕਾਰ ਦੇ ਅਰਥ ਹਨ, ਪਰੀਵਰਤਨ । ਸੋ ਇਹੀ ਪਰਿਵਰਤਿਤ ਵਿਕਾਰ "ਭਾਵ" ਕਹੇ ਜਾਂਦੇ ਹਨ ॥

Digitized by Panjab Digital Library | www.panjabdigilib.org

੨-ਬਿਭਾਵ :. ਜਿਨ੍ਹਾਂ ਪਦਾਰਥਾਂ ਨੂੰ ਉੱਪਰ ਗਤੀ ਦੇਨੇ ਵਾਲੇ ਯਾ ਜਗਾਨੇ ਵਾਲੇ ਆਖਿਆ ਗਿਆ ਹੈ, ਤੇ ਜਿਨ੍ਹਾਂ ਨੂੰ ਉਤੇਜਨਾ ਦੇਨੇ ਵਾਲੇ ਕਹਿਆ ਹੈ, ਇਹ ਬਭਾਵ ਹਨ ॥

(1) ਜਗਾਨੇ ਵਾਲੇ ਪਦਾਰਥ ਆਲੰਬਨ ਕਹੇ ਜਾਂਦੇ ਹਨ ।

(2) ਤੇਜੀ ਦੇਨੇ ਵਾਲੇ ਉੱਦੀਪਨ ॥

੩-ਅਨੁਭਾਵ ਅਥਵਾ ਸਾਤੁਇਕ ਭਾਵ :- ਭਾਵਾਂ ਦੇ ਜਾਗ ਜਾਨੇ ਦਾ ਪ੍ਰਭਾਵ ਮਨੁਖ ਦੇ ਸਰੀਰ ਉੱਪਰ ਵੀ ਦਿਖਾਈ ਦੇਨ ਲਗਦਾ ਹੈ । ਉਹ ਚਿਨ੍ਹ ਅਨੁਭਾਵ ਕਹੇ ਜਾਂਦੇ ਹਨ ॥ ਜਿਨ੍ਹਾਂ ਦੇ ਨਾਉਂ ਇਹ ਹਨ :-

੧-ਸਤੰਭ = ਅਕੜੇਵਾਂ ।
੨-ਸੁਏਦ = ਪਸੀਨਾ, ਤ੍ਰੇਲੀ ।
੩-ਰੋਮਾਂਚ = ਲੂਈ ਕੰਡਿਆਨਾ ।
੪- ਵੇਪਥੂ = ਕਾਂਬਾ, ਕਪਕਪੀ ।
੫-ਸੁਆਰਭੰਗ = ਬੋਲ ਠੀਕ ਨ ਨਿਕਲਨਾ
੬-ਵਿਵਰਨਯ = ਦੇਹੀ ਦਾ ਰੰਗ ਬਦਲ ਜਾਨਾ ।
੭-ਅਸ਼੍ਰੂ = ਇੰਝੂ ਨਿਕਲ ਆਉਨੇ ।
੮-ਪ੍ਰਲਯ = ਬੇਹੋਸ਼ੀ ।
੯-ਜਰੰਭਾ = ਸੁਆਸ ਇਕ ਸਾਰ ਨ ਚਲਨਾ ॥

# ਭਾਵਾਂ ਦੇ ਪ੍ਰਕਾਰ ਤੇ ਨਾਉਂ

ਭਾਵ ਦੋ ਪ੍ਰਕਾਰ ਦੇ ਹਨ (1) ਸਥਾਈ ਤੇ(2) ਸੰਚਾਰੀ, ਇਹ ਪਹਿਲੋਂ ਦੱਸ ਆਏ ਹਾਂ ਕਿ ਇਹ ਰਸ ਦਾ ਇਕ ਅੰਗ ਹਨ ॥ ਸੋ ਰਸ ਗਿਨਤੀ 'ਚ ਨੌਂ ਹਨ । ਹਰ ਇਕ ਰਸ ਦਾ ਇਕ ੨ ਥਾਈ (ਸਥਾਈ ਭਾਵ) ਹੈ । ਉਹ ਕਿਸੇ ਹੋਰ ਰਸ ਦੇ ਨਾਲ ਨਹੀ ਰਲਦਾ । ਇਸੇ ਕਾਰਨ ਉਨ੍ਹਾਂ ਨੂੰ "ਥਾਈ" ਨਾਉਂ ਦਿੱਤਾ

Digitized by Panjab Digital Library | www.panjabdigilib.org

ਗਿਆ ਹੈ। ਬਿਓਰਾ ਇਹ ਹੈ :-

| ਥਾਈ | ਰਸ |
|---|---|
| ਰਤੀ | ਸ੍ਰਿੰਗਾਰ ੧ |
| ਹਾਸੀ (ਹਾਸਾ) | ਹਾਸਰ ੨ |
| ਕਰੁਣਾ (ਸੋਗ) | ਕਰੁਣ ੩ |
| ਕ੍ਰੋਧ | ਰੌਦ੍ਰ ੪ |
| ਉਤਸਾਹ | ਬੀਰ ੫ |
| ਭੈ | ਭਿਆਨਕ ੬ |
| ਜੁਗੁਪਸਾ | ਬੀਭਤਸ ੭ |
| ਅਸਚਰਜ | ਅਦਭੁਤ ੮ |
| ਨਿਰਵੇਦ | ਸ਼ਾਂਤ ੯ |

ਸੰਚਾਰੀ ਅਥਵਾ ਬਿਭੁਚਾਰੀ "(ਇਹ ਗਿਣਤੀ 'ਚ ੩੩ ਹਨ)" ਹਿੰਦੀ ਵਾਲੇ ਇਹ ਕ੍ਰਮ ਨਿਰਵੇਦ ਤੋਂ ਆਰੰਭ ਕਰਦੇ ਹਨ। ਅਸਾਂ ਨਿਦ੍ਰਾ ਤੋਂ ਆਰੰਭ ਕੀਤਾ ਹੈ। ਹਿੰਦੀ ਵਾਲਿਆਂ ਉਹ ਕ੍ਰਮ ਕਿਸ ਆਧਾਰ ਤੇ ਰਖਿਆ ਹੈ, ਇਹ ਉਹੀ ਜਾਨਣ, ਪਰ ਅਸਾਂ ਨਿੱਤ ਦੇਖਦੇ ਹਾਂ ਭਈ ਸ੍ਰਿਸ਼ਟੀ ਦੇ ਕੰਮ, ਸੌਂ ਉੱਠਨ ਤੋਂ ਪਸ਼ਚਾਤ ਚਲਦੇ ਹਨ, ਬਰਨ ਸ੍ਰਿਸ਼ਟੀ ਦੀ ਉਪਜ ਭੀ ਸੁਖੁਪਤੀ (ਨੀਂਦ) ਤੋ ਜਾਗਨੇ ਤੋ ਉਪਰੰਤ ਹੀ ਹੁੰਦੀ ਹੈ। ਨਿਰਵੇਦ ਤਾਂ ਸ਼ਾਂਤ ਰਸ ਦਾ ਥਾਈ ਹੈ। ਤੇ "ਸ਼ਾਂਤ" ਹੈ ਅੰਤਿਮ ਰਸ, ਸੋ ਨਿਰਵੇਦ ਭੀ ਅੰਤਿ 'ਚ ਆਉਂਦਾ ਹੈ ॥

ਸੰਚਾਰੀਆਂ ਦੇ ਨਾਉਂ :- ੧. ਨਿਦ੍ਰਾ, ੨. ਸੁਆਪਨ, ੩. ਬਿਬੋਧ, ੪. ਹਰਖ (ਸ਼ਾਦਮਾਨੀ), ੫. ਵਿਸ਼ਾਦ (ਮਲਾਲ), ੬. ਸਿਮ੍ਰਤੀ (ਜਾਦ), ੭. ਉਤਸੁਕਤਾ (ਤਾਂਘ), ੮. ਜੜਤਾ, ੯. ਵਰੀੜਾ (ਲਾਜ,ਹਯਾ), ੧੦. ਸੰਕਾ, ੧੧. ਦੀਨਤਾ, ੧੨, ਚਪਲਤਾ, ੧੩ ਉਗ੍ਰਤਾ, ੧੪. ਚਿੰਤਾ, ੧੫. ਗਰਵ (ਗੁਮਾਨ), ੧੬, ਮਦ, ੧੭ ਉਨਮਾਦ (ਝੱਲ), ੧੮. ਵਿਤਰਕ, ੧੯. ਅਸੂਯਾ, ੨੦. ਧ੍ਰਿਤੀ, ੨੧. ਸ਼੍ਰਮ (ਥਕਾਨ), ੨੨. ਗਿਲਾਨੀ, ੨੩ ਅਭਿਹਿੱਥ (ਲੁੱਕ), ੨੪. ਵਿਆਧੀ, ੨੫. ਆਵੇਗ (ਭੀੜ), ੨੬. ਤ੍ਰਾਸ, ੨੭, ਮਰਨ, ੨੮, ਆਲਸ, ੨੯, ਅਪਸਮਾਰ, ੩੦, ਮੋਹ, ੩੧, ਮਤਿ, ੩੨, ਨਿਰਵੇਦ, ੩੩, ਛਲ ॥

ਰਸ ਉਤਪੱਤਿ :- ਜਦੋਂ ਕੋਈ ਸਾਥਾਈ ਕਿਸੀ ਆਲੰਬਨ ਦੁਆਰਾ ਜਗਾਇਆ ਜਾ ਕੇ, ਤੇ ਉੱਦੀਪਨ ਦੁਆਰਾ ਉੱਤੇਜਿਤ ਹੋ ਕੇ, ਕਿਨ੍ਹੀਂ ਸੰਚਾਰਿਆਂ ਨੂੰ ਨਾਲ ਲੈਂਦਾ ਹੈ, ਤਦੋਂ ਉਸ ਦੇ ਚਿਨ੍ਹ ਮਨੁਖ ਦੇਹਿ ਪਰ ਦਿਖਾਈ ਦੇਨ ਲੱਗ ਪੈਂਦੇ

Digitized by Panjab Digital Library | www.panjabdigilib.org

ਹਨ । (ਜਿਨ੍ਹਾਂ ਚਿਨ੍ਹਾਂ ਨੂੰ ਅਨੁਭਾਵ ਆਖਿਆ ਗਿਆ ਹੈ ।), ਤੇ ਉਹ ਬੰਦਾ ਉਸੀ ਅਵਸਥਾ 'ਚ, ਜਾਨੋ ਕਿ, ਡੁਬ ਜਾਂਦਾ ਹੈ ਉਹ ਅਵਸਥਾ ਹਸ ਰਸ ਅਵਸਥਾ ਹੈ ॥ ਰਸ ਦਾ ਲਕਸ਼ਨ ਫੇਰ ਦੇ ਦਿੱਤਾ ਜਾਂਦਾ ਹੈ,

ਸੁਨ ਕਬਿਤ ਕੋ ਚਿਤ ਮਧਿ, ਸੁਧਿ ਨ ਰਹੈ ਕੁਛੁ ਔਰ ।
ਹੋਇ ਮਗਨ ਵਹੀ ਮੋਦ ਮੇਂ, ਸੋ ਰਸ ਕਹੈਂ ਸਿਰ ਮੋਰ ॥

ਇਥੇ ਉਥਾਨਿਕਾ ਸਮਾਪਤ ਹੁੰਦੀ ਹੈ ਤੇ ਅੱਗੇ ੯ ਥਾਈਆਂ (ਸਥਾਈ ਭਾਵਾਂ) ਦਾ ਵਰਨਨ ਚਲਦਾ ਹੈ ॥

# ਸਤਿ ਨਾਮੁ

ਯਾ ਦੇਵੀ ਸਤੂਯਤੇ ਨਿਤਯਮ ਬ੍ਰਹੇਮੰਦ੍ਰ ਸੁਰਮਾਨ ਵੇ ।
ਸਾਮੇ ਵਾਸਤੁ ਜੀਹਬਾਗ੍ਰੇ ਪਦਮ ਹਸਤਾ ਸਰਸੁਅਤੀ ॥

| | ੧ | ੨ | ੩ | ੪ | ੫ | ੬ | ੭ | ੮ | ੯ |
|---|---|---|---|---|---|---|---|---|---|
| ਰਸ | ਸ਼ਿੰਗਾਰ | ਹਾਸ | ਕਰੁਣਾ | ਰੌਦ੍ਰ | ਬੀਰ | ਭਿਆਨਕ | ਬੀਭਤਸ | ਅਦਭੁਤ | ਸ਼ਾਂਤ |
| ਥਾਈ | ਰਤਿ | ਹਾਸੀ (ਹਾਸਾ) | ਸ਼ੋਕ | ਕ੍ਰੋਧ | ਉਤਸਾਹ | ਭੈ | ਜੁਗੁਪਸਾ | ਆਸਚਰਜ | ਨਿਰਵੇਦ |

# ਸਥਾਈ ਭਾਵਾਂ ਦਾ ਵਰਨਨ ।

ਇਹ ਦਸਿਆ ਜਾ ਚੁਕਾ ਹੈ, ਕਿ ਸਥਾਈ ਭਾਵ ਉਹ ਭਾਵ ਹਨ, ਜਿਹੜੇ ਆਪਨੇ ੨ ਇਕੋ ਰਸ ਨਾਲ ਰਹਿੰਦੇ ਹਨ । ਉਨ੍ਹਾਂ ਦਾ ਕੋਸ਼ਠਕ Table ਭੀ ਦਿੱਤਾ ਗਿਆ ਹੈ । ਪਾਠਕਾਂ ਦੀ ਸਹੂਲੀਅਤ ਦੇ ਵਾਸਤੇ ਫੇਰ ਦੇ ਦਿੱਤਾ ਜਾਂਦਾ ਹੈ । :-

Digitized by Panjab Digital Library | www.panjabdigilib.org

# ੧ ਰਤਿ ਤੇ ਸ਼ਿੰਗਾਰ ਰਸ

ਸ਼ਿੰਗਾਰ ਆਖਿਆ ਜਾਂਦਾ ਹੈ ਬਦਲਦੀ ਰਹਨੇ ਵਾਲੀ ਸੁੰਦ੍ਰਤਾ ਨੂੰ । ਸੁੰਦ੍ਰਤਾ ਇਕ ਸੂਖਮ ਅਤਿ ਸੂਖਮ ਸ਼ੈ ਹੈ, ਜਿਹੜੀ ਕਿਸੇ ਸਥੂਲ ਸ਼ੈ ਦੇ ਸਹਾਰੇ ਟਿਕੀ ਰਹਿੰਦੀ ਹੈ, ਅਰੁ ਉਸ ਸ਼ੈ ਨੂੰ ਦੇਖਨੇ ਵਾਲੇ ਦੀ ਇਛਾ ਬਨੀ ਰਹਿੰਦੀ ਹੈ, ਭਈ ਇਸ ਨੂੰ ਦੇਖਦਿਆਂ ਈ ਰਹੀਏ । ਉਸ ਦੇਖਦਿਆਂ ਰਹਿਨੇ ਵਾਲੀ ਰੁਚੀ ਨੂੰ ਰਤਿ ਆਖਿਆ ਜਾਂਦਾ ਹੈ । ਰਤਿ ਦਾ ਹੋਰ ਲਕਸ਼ਨ ਹੈ, ਆਪਨੇ ਕਿਸੀ ਪਿਆਰੇ ਨੂੰ ਮਿਲਨੇ ਦੀ ਤੀਬਰ ਇੱਛਾ, ਤਾਂਘ ਸਿਕ ਦਾ ਹੋਨਾ । ਇਸ਼ਕ ਇਸੇ ਦਾ ਸਮਾਨਾਰਥੀ ਸ਼ਬਦ ਹੈ ।

ਉਦਾਹਰਣ :- ਧੀਦੋ ਦਾ ਬਾਪ ਚਲਾਨਾ ਕਰ ਗਿਆ, ਭਾਈਆਂ ਨੇ ਅਲਗ ਕਰ ਦਿੱਤਾ, ਭਰਜਾਈਆਂ ਰੋਟੀ ਟੁਕ ਪਕਾ ਦਿਆ ਕਰਦੀਆਂ ਸਨ । ਇਕ ਦਿਨ ਉਹ ਹਲ ਵਾਹਨ ਗਿਆ ਹੋਇਆ ਸੀ, ਭਰਜਾਈਆਂ ਭੱਤਾ ਲੈ ਕੇ ਗਈਆਂ, ਤਾਂ ਆਪਸ ਵਿਚੀਂ ਵਾਦ ਬਿਵਾਦ ਹੋ ਗਿਆ, ਤੇ ਭਰਜਾਈਆਂ ਬੋਲੀਆਂ :-

ਜੇ ਕਰ ਰੰਨ ਦੀਆਂ ਪੱਕੀਆ ਖਾਨੀਆਂ ਜੇ ਭਾਈਆਂ ਆਖ ਕਰਨੀ ਕੁੜਮਾਈਆਂ ਜੇ । ਰੰਨਾਂ ਵਸਦੀਆਂ ਆਈਆਂ ਕੋਹਜਿਆਂ ਭੀ ਏ ਪਰ ਤੁਧ ਨ ਕਦੇਂ ਵਿਆਹੀਆਂ ਜੇ ।

ਤੈਨੂੰ ਰੰਨ ਚਾਹੀਦੇ ਤੁਧ ਜਿਹੀ ਸੋਹਣੀ, ਕਿਥੋਂ ਢੂੰਡੀਏ ਵਿਚ ਖੁਦਾਈਆਂ ਜੇ ।
ਜਾਏਂ ਹੀਰ ਸਿਆਲ ਬਿਆਹ ਲਿਆਵੀਂ, ਜੇ ਕਰ ਜੋੜੀਆਂ ਰੱਬ ਬਨਾਈਆਂ ਜੇ ॥
ਸੁਨ ਕੇ ਹੀਰ ਦਾ ਨਾਉਂ ਖਾਮੋਸ਼ ਹੋਇਆ, ਭਰਜਾਈਆਂ ਘਰੀਂ ਸਿਧਾਈਆਂ ਜੇ ।
ਏਸੇ ਹੀਰ ਦੇ ਨਾਉਂ ਤਾਸੀਰ ਕੀਤੀ ਗਈਆਂ, ਵਰਤ ਮੂੰਹ ਤੇ ਛਖਤਾਈਆਂ ਜੇ ॥
ਆਖੇ ਹੀਰ ਦੇ ਦੇਸ਼ ਨੂੰ ਲੈ ਚੱਲੀਂ, ਮੇਰੇ ਸੱਚਿਆ ਸਾਹਿਬਾ ਸਾਈਆਂ ਜੇ ।
ਆਈ ਨੀਂਦ ਵਿਚ ਖੇਤ ਦੇ ਖੇਤ ਹੋਇਆ, ਅਖੀਂ ਫੇਰ ਚਾ ਰੱਬ ਖੁਲਾਈਆਂ ਜੇ ॥
ਹੀਰ ਦਾ ਨਾਉਂ ਸੁਣ ਕੇ ਮੂੰਹ ਤੇ ਲਾਲੀ ਦੌੜ ਆਈ ਤੇ ਹੀਰ ਦੇ ਸ਼ਹਿਰ

Digitized by Panjab Digital Library | www.panjabdigilib.org

ਜਾਣੇ ਦੀ ਤਾਂਘ ਹੋ ਆਈ, ਇਹ ਤਾਂਘ ਰਤਿ ਏ। ਬਲਕ ਇਹ ਆਖਨਾ ਚਾਹੀਏ ਕਿ ਇਹ ਤਾਂਘ ਪੈਦਾ ਕਰਨੇ ਵਾਲੀ ਕੋਈ ਭੀਤਰੀ ਸੱਤਾ "ਰਤਿ" ਏ।

ਹੋਰ ਉਦਾਹਰਨ :- ਕਿੱਸਾ ਸੋਹਣੀ ਮਹੀਵਾਲ ਦਾ ਨਾਯਕ ਮਿਰਜ਼ਾ, ਇੱਜ਼ਤ ਬੇਗ, ਆਪਨੇ ਦੇਸ਼ ਬੁਖਾਰਿਓਂ ਚਲ ਕੇ ਸੁਦਾਗਰੀ ਨੂੰ ਏਸ ਦੇਸ਼ ਹਿੰਦੁਸਤਾਨ-'ਚ ਆਇਆ। ਉਹ ਦਿੱਲੀਓਂ ਹੋ ਕੇ ਪੰਜਾਬ ਆਇਆ ਤੇ ਗੁਜਰਾਤ ਪਹੁੰਚਿਆ। ਉਸ ਦਾ ਇਕ ਨੌਕਰ ਕੂਜ਼ੇ (ਮਟੀ ਦੇ ਭਾਂਡੇ) ਖਰੀਦਨ ਦੇ ਵਾਸਤੇ ਸ਼ਹਿਰ ਵਿਚ ਆਇਆ, ਤੇ ਤੁੱਲਾ ਨਾਉਂ ਦੇ ਕੁਮਹਾਰ ਦੇ ਘਰ ਚਲਾ ਗਿਆ। ਉਸ ਨੇ ਬਰਤਨ ਖਰੀਦੇ, ਤੇ ਉਸ ਦੀ ਬੇਟੀ (ਸੁਹਣੀ) ਨੂੰ ਭੀ ਦੇਖਿਆ, ਅਰੁ :-

ਦੇਖਾ ਜੋ ਹੁਸਨ ਯਾਰ ਤੋ ਤਬੀਅਤ ਮਚਲ ਗਈ।
ਆਂਖੋਂ ਕਾ ਥਾ ਕਸੂਰ ਛੁਰੀ ਦਿਲ ਪੈ ਚਲ ਗਈ॥

ਵਾਲੀ ਬਾਤ ਬਨ ਗਈ। ਬਰਤਨ ਖਰੀਦ ਆਂਦੇ, ਉਹ ਮਿਰਜ਼ਾ ਦੇ ਪਸੰਦ ਆਏ। ਤੇ ਨੌਕਰ :-

ਆਖੇ ਇਕ ਮਹਬੂਬ ਮੈਂ ਦੇਖ ਆਇਆ,
ਐਸਾ ਦੇਖਨੇ ਵਿਚ ਨ ਆਉਂਦਾ ਜੀ।
ਏ ਪਰ ਧੀ ਤੁੱਲੇ ਕੁਮ੍ਹਿਯਾਰ ਦੀ ਏ,
ਸੂਰਜ ਵੇਖ ਉਸ ਨੂੰ ਸ਼ਰਮਾਉਂਦਾ ਜੀ॥
ਚਿਹਰਾ ਚੌਧਵੀਂ ਰਾਤ ਦ ਚੰਨ ਵਾਂਗੂ,
ਹਿਥੂ ਚੰਨ ਗੁਲਾਮ ਸਦਾਉਂਦਾ ਏ।
ਪਲਕਾਂ ਤੀਰ ਤੇ ਜ਼ੁਲਫ਼ ਜੰਜੀਰ ਉਸ ਦੇ,
ਗੋਯਾ ਨਾਗ ਕਾਲਾ ਕੁੰਡਲ ਪਾਉਂਦਾ ਏ॥
ਆਦਮ ਕੌਣ ਜੁ ਨ ਬੇਹੋਸ਼ ਹੋਵੇ,
ਨੂਰੀ ਮਲਕ ਭੀ ਹੋਸ਼ ਭੁਲਾਉਂਦਾ ਏ।
ਮਰਦਾਂ ਵਿਚ ਜੋ ਹੁਸਨ ਕਮਾਲ ਤੇਰਾ,
ਤਿਵੇਂ ਉਸਦਾ ਰੂਪ ਸੁਹਾਉਂਦਾਂ ਏ॥

Digitized by Panjab Digital Library | www.panjabdigilib.org

ਇਸ ਤੋਂ ਅੱਗੇ :-

ਹਾਲ ਸੁਨਦਿਆਂ ਪਕੜ ਹੋ ਗਈ ਉਸਨੂੰ,
ਬਾਝ ਦੇਖਿਆ ਹਾਲ ਬਨ ਜਾਉਂਦਾ ਜੀ ।
ਵਿੱਚੋਂ ਭਾਲ ਮਹਬੂਬ ਦੀ ਭਾਲ ਗਈ,
ਏ ਪਰ ਜ਼ਾਹਿਰਾ ਨ ਲਖਾਉਂਦਾ ਏ ॥

"ਪਕੜ ਹੋ ਗਈ" ਵਾਲੀ ਗੱਲ ਦੀ ਉਪਜਾਊ ਸ਼ੈ "ਰਤਿ" ਏ। ਮਿਰਜ਼ਾ ਉਸ ਨੌਕਰ ਨੂੰ ਸਾਥ ਲੈ ਕੇ ਤੁੱਲੇ ਦੇ ਘਰ ਜਾ ਪੁੱਜਾ । ਤੁੱਲਾ ਕੰਮ 'ਚ ਰੁੱਝਾ ਹੋਇਆ ਸੀ, ਉਸ ਨੇ "ਸੁਹਣੀ" (ਆਪਨੀ ਬੇਟੀ) ਨੂੰ ਆਖਿਆ, ਭਈ ਮੁਸਾਫਰਾਂ ਨੂੰ ਭਾਂਡੇ ਵਿਖਾਲ । ਸੁਹਣੀ ਭਾਂਡੇ ਦਿਖਾਉਂਦੀ ਜਾਂਦੀ ਏ । ਪਰ ਮਿਰਜ਼ੇ ਦੇ

ਕੋਈ ਵਿਚ ਪਸੰਦ ਨ ਆਉਂਦੀ ਏ,
ਕੀਤਾ ਬਹੁਤ ਵਟਾ ਸਟਾ ਜਾਨੀ ;
ਮੁਖ ਦੇਖਨੇ ਦੀ ਅਸਲ ਭੁਖ ਉਸ ਨੂੰ,
ਹੋਇਆ ਏਸ ਥੀ ਮੋੜ ਮੁੜਾਂ ਜਾਨੀ ॥

ਮੁਖ ਦੇ ਸਹਾਰੇ ਟਿਕੀ ਹੋਈ ਕੋਈ ਸ਼ੈ ਥੀ ਜਿਸ ਕਰਕੇ ਮਿਰਜ਼ਾ ਉਸ ਨੂੰ ਦੇਖਦਾ ਈ ਰਹਨਾ ਚਾਹੁੰਦਾ ਸੀ ॥ ਉਸੇ ਸੂਖਮ ਸ਼ੈ ਨੂੰ ਸੁੰਦਰਤਾ, ਖੂਬਸੂਰਤੀ, Beauty ਆਖਿਆ ਜਾਂਦਾ ਹੈ ॥ ਇਕ ਹਿੰਦੀ ਗ੍ਰੰਥ 'ਚ ਕਵੀ ਦੇਵ ਦਾ ਇਹ ਛੰਦ ਮਿਲਦਾ ਏ :-

ਧਾਰ ਮੇਂ ਧਾਇ ਧੰਸੀ ਨਿਰਧਾਰ ਹਵੈ ਜਾਇ ਫੰਸੀ ਉਕਸੀ ਨ ਉਧੇਰੀ । ਰੀ ਅੰਗ੍ਰਾਇ ਗਿਰੀ ਗਹਰੀ ਗਹ ਫੇਰ ਫਿਰੀਂ ਨ ਘਿਰੀਂ ਨਹੀਂ ਘੇਰੀ । ਦੇਵ ਕਛੂ ਅਪਨੋ ਬਸ ਨ ਰਸ ਲਾਲਚ ਲਾਲ ਚਿਤੈਂ ਭਈ ਚੇਰੀ । ਬੇਗ ਹੀ ਬੂੜ ਗਈ ਪੰਖੀਆਂ ਅਖੀਆਂ ਮਧੂ ਕੀ ਮਖੀਆਂ ਭਈ ਮੇਰੀ ।

ਮਿਰਜ਼ਾ ਇਜ਼ਤ ਬੇਗ ਵਾਲੀ "ਮੁਖ ਦੇਖਨੇ ਦੀ ਅਸਲ ਭੁਖ ਉਸ ਨੂੰ"

Digitized by Panjab Digital Library | www.panjabdigilib.org

ਤੇ ਕਵਿਵਰ ਦੇਵ ਦੇ ਨਾਯਕ ਦਾ "ਕਛੂ ਅਪਨੇ ਬਸ ਨ ਰਸ ਲਾਲਚ ਲਾਲ ਚਿਤੇ ਭਈ ਚੇਰੀ ਆਖਨਾ ਇਨ ਮਿਨ ਇਕੋ ਗੱਲ ਹੈ ॥ ਚਿਤੈਂ=ਦੇਖਨੇ ਦੇ ਵਾਸਤੇ

## ੨ "ਹਾਸਾ ਤੇ ਹਾਸਯ ਰਸ"

(ਇਸ ਵਿਚ, ਖਿੜ ਖਿੜਾ ਕੇ ਈ ਹਸਨਾ ਨਹੀਂ, ਬਰਨ, ਚਿੱਤ ਵਿਚ ਕਤੂਹਲ ਉਤਪਨ ਹੋ ਆਉਨਾ ਭੀ ਆਉਂਦਾ ਹੈ।)

ਪੁਸਤਕ ਦੇ ਆਰੰਭ 'ਚ ਦਸਿਆ ਜਾ ਚੁੱਕਾ ਏ, ਕਿ ਸੁੱਤੇ ਪਏ ਕਿਸੇ ਭਾਵ ਨੂੰ ਜਗਾਉਨੇ ਵਾਲੇ ਪਦਾਰਥ ਨੂੰ ਆਲੰਬਨ ਆਖਿਆ ਜਾਂਦਾ ਹੈ।

ਹਾਸੇ ਨੂੰ ਜਗਾਨੇ ਵਾਲੇ ਆਲੰਬਨ ਹੁੰਦੇ ਹਨ, ਕਿਸੀ ਪੇਟੂ ਦੀ ਕਥਾ ਕਹਾਨੀ,ਉਸ ਉਪਰ ਰਚੀ ਗਈ ਕਵਿਤਾ, ਕਿਸੀ ਅਜੇਹੀ ਵੇਸ਼ ਭੂਸ਼ਾ ਵਾਲੇ ਆਦਮੀ ਦੇ ਦਰਸ਼ਨ, ਜਿਹੜੀ ਸਮਯ ਤੋਂ ਬਾਹਿਰੀ ਜਿਹੀ ਹੋਵੇ। ਜਿਵੇਂ ਕਿਸੇ ਵੇਲੇ ਨਾਟਕਾਂ 'ਚ 'ਜੰਗਲੀ' ਦਾ ਰੂਪ ਤੇ ਗੀਤ ਹੋਇਆ ਕਰਦੇ ਸਨ। ਹਿੰਦੀ ਸਾਹਿੱਤਯ ਕਾ ਇਤਿਹਾਸ 'ਚ ਸ੍ਰੀ ਅਲੀ ਮੁਹਿੱਬ ਖਾਂ ਪ੍ਰੀਤਮ ਦੀ ਖਟਮਲ ਇਕੀਸਾ ਨਾਉਂ ਦੀ ਕਵਿਤਾ ਦੇ ਦੋ ਛੰਦ ਮਿਲਦੇ ਹਨ। ਕਵਿਤਾ ਕਿਸੇ ਵਿਅਕਤੀ ਨੂੰ ਸਾਮਨੇ ਰਖ ਕੇ ਕਿਸੇ ਦਾ ਦਿਲ ਨਹੀਂ ਦੁਖਾਇਆ ਗਿਆ ਕਵਿਤਾ ਹਾਸਯ ਰਸ ਪੁਰ ਹੈ ਭੀ ਸੁਤੰਤ੍ਰ। ਅਤ: ਇਹ ਕਵੀ ਇਕ ਉੱਤਮ ਸ਼੍ਰੇਣੀ ਦੇ ਪਥ ਪ੍ਰਦਰਸ਼ਕ ਆਖੇ ਜਾਂਦੇ ਹਨ॥ ਕਵਿਤਾ ਇਹ ਹੈ :-

ਜਗਤ ਦੇ ਕਾਰਨ, ਕਰਨ ਚਾਰੋਂ ਵੇਦਨ ਕੇ ਕਮਲ ਮੇਂ ਬਸੇ ਵੇ ਸੁਜਾਨ ਗਿਆਨ ਧਰਿ ਕੇ। ਪੋਖਨ ਅਵਨਿ, ਦੁਖ ਸੋਖਨ ਤਿਲੋਕਨ ਕੇ ਸਮੁਦ ਮੇਂ ਜਾਇ ਸੋਏ ਸੇਸ ਸੇਜ ਕਰਿਕੇ। ਮੇਦਨ ਜਗਯੋ ਜੋ, ਸੰਘਾਰੈ ਦ੍ਰਿਸ਼ਟੀ ਹੀ ਮੇਂ ਸ੍ਰਿਸ਼ਟੀ ਬਸੇ ਹੈਂ ਪਹਾਰ ਵੇ ਤੋ ਭਾਜ਼ ਹਰ ਭਰਿ ਕੇ। ਬਿਧੀ ਹਰਿ ਹਰ, ਔਰ ਇਨ ਤੇ ਨ ਕੋਊ, ਤੇਊ ਖਾਟ ਪੈ ਨ ਸੋਵੈਂ ਖਟਮਲਨ ਕੋਂ ਡਰਿ ਕੈ॥

ਬਾਘਨ ਪੈ ਗਯੋ, ਦੇਖਿ ਬਨਨ ਮੇਂ ਰਹੇ ਛਪਿ, ਸਾਂਪਨ ਪੈ ਗਯੋ, ਤੇ ਪਤਾਲ ਠੌਰ ਪਾਈ ਹੈ। ਗਜਨ ਪੈ ਗਯੋ, ਧੂਲ ਛਾਰਤ ਹੈਂ ਸੀਸ ਪਰ। ਬੈਦਨ ਪੈ ਗਯੋ ਕਾਹੂ ਦਾਰੂ ਨ ਬਤਾਈ ਹੈ,

ਜਯ - - - ——

~~[illegible]~~ ਜਬ ਹਹਰਾਏ ਹਮ ਹਰਿ ਕੇ ਨਿਕਟ ਗਏ. ਹਰਿ ਮੋ ਸੋਂ ਕਹੀ ਤੇਰੀ ਮਤਿ ਭੁਲ ਛਾਈ ਹੈ। ਕੌਉਨ ਉਪਾਯ, ਭਟਕਤ ਜਨਿ ਡੋਲੈ, ਸੁਨੋ ਖਾਟ ਕੇ ਨਗਰ ਖਟਮਲ ਕੀ ਦੁਹਾਈ ਹੈ। ਕਿਸੀ ਕਵੀ ਨੇ ਇਕ ਹਥਨੀ ਉੱਤੇ ਕਵਿਤਾ ਘੜੀ ਏ :-

ਤਿਮਰ ਲੰਗ ਲਈ ਮੋਲ ਰਹੀ ਬਾਬਰ ਕੇ ਹਲਕੇ।
ਚਲੀ ਹੁਮਾਯੂੰ ਸੰਗ ਰਹੀ ਅਕਬਰ ਕੇ ਦਲ ਕੇ।
ਜਹਾਂਗੀਰ ਜਸ ਲੀਓ ਪੀਠ ਕੋ ਭਾਰ ਹਟਾਈਓ।
ਸ਼ਾਹ ਜਹਾਨ ਕਰਿ ਨਿਆਉਂ ਤਾਹਿ ਪੁਨਿ ਮਾਂਡ ਚਟਾਇਓ।
ਬਲ ਰਹਿਤ ਭਈ ਪੌਰਖ ਥਕਿਓ. ਫੂਰੀ ਫਿਰਤ ਬਨ ਸਿਆਰ ਡਰ।
ਔਰੰਗਜ਼ੇਬ ਕਰਿਨੀ ਸੋਈ ਲੈ ਦਿਨਹੀ ਕਵਿ ਰਾਜ ਕਰ॥

ਅਜਹੀ ਕਵਿਤਾ ਇਕ ਮੈਹਸ ਉਤੇ: -

ਰਾਯ ਸਿੰਘ ਚੌਧਰੀ ਮੈਹਸ ਦੀਨੀ, ਮੈਹਸ ਨਹੀਂ ਕੋਈ ਦੰਤ ਧਾਇਆ।
ਹਡ ਖੜਖੜ ਕਰੈਂ ਸਿੰਗ ਦੁਆਰੇ ਅੜੇਂ, ਛਨ ਕਾ ਫੂਸ ਸਬ ਤੋੜ ਪਾਇਆ।
ਘਾਸ ਕੀ ਬੇਰ ਕੋ ਨੱਠੀ ਨੱਠੀ ਆਉਤੀ; ਦਧ ਕੀ ਬੇਰ ਸੰਕਲਪ ਪਾਇਆ।
ਉਠ ਨੀ ਭਟਨੀ ਹਥ ਲੈ ਕਤਨੀ, ਮੈਹਸ ਦੇ ਮੂਤ ਦਾ ਹੜ ਆਇਆ॥

ਕਸਬੇ ਦੇ ਬੋਰਡਿੰਗ ਦੀ ਕੋਈ ੬੫ ਵਰਿਹਾਂ ਦੀ ਦਾਲ।

ਦਾਲ ਦਗਾ ਕੀਤਾ ਨਾਲ ਮਿਤ੍ਰਾਂ ਦੇ, ਦਾਲ ਰਿਨ੍ਹ ਕੇ ਲੂਨ ਨ ਪਾਇਆ ਈ।
ਪਗ ਲਾਹ ਕੇ ਮੁੰਡੇ ਨੇ ਚੁਭ੍ਹੀ ਮਾਰੀ, ਦਾਣਾ ਦਾਲ ਦਾ ਹਥ ਨ ਆਇਆ ਈ।
ਲਪ ਭਰ ਕੇ ਮਿਰਚਾਂ ਦੀ ਪਾ ਛੱਡੀ, ਮਸਾਲਾ ਮੂਲ ਨ ਨਾਲ ਛੁਆਇਆ ਈ।
ਆਖ ਆਖ ਕੇ ਅਸਾਂ ਸਬ ਥਕ ਹਾਰੇ, ਏਸ ਗੁੰਡੀ ਦਾ ਭੇਤ ਨ ਪਾਇਆ ਈ॥

ਅਜੇਹੀ ਈ ਹੋਰ ਉਦਾਹਰਨ :- ਕਈ ਵਰ੍ਹਿਆਂ ਦੀ ਗੱਲ ਹੈ। ਸਕੂਲਾਂ ਤੇ ਕਾਲਜਾਂ ਦੇ ਸਾਡੇ N.C.C. (ਏਨ.ਸੀ:ਸੀ) ਦੇ ਜੁਆਨ ਸਿਖਲਾਈ ਨੂੰ ਆਏ ਹੋਏ ਸੀ। ਉਹ ਬਾਂਹਿਰੋਂ ਕੈਮਪ ਨੂੰ ਆ ਰਹੇ ਸਨ, ਤਾਂ ਇਕ ਜੁਆਨ ਮੌਜ ਵਿਚ ਆਇਆ ਹੋਇਆ, ਗਾਉਂਦਾ ਜਾ ਰਿਹਾ ਸੀ :-

Digitized by Panjab Digital Library | www.panjabdigilib.org

ਰਿਨ੍ਹੀ ਮਸਰਾਂ ਦੀ ਦਾਲ, ਬਿਚ ਲੂਨ ਨ ਵਸਾਰ,
ਪਈ ਕਰਮਾਂ ਦੀ ਮਾਰ, ਹਾਇ ਗੋਭਿਏ ! ਹਾਇ ਗੋਭਿਏ !!

ਹੋਰ ਮਸਰਾਂ ਦੀ ਦਾਲ, ਸੰਨ ਗਿਆਰਾਂ ਬਾਰਾਂ 'ਚ ਕਾਲਿਜ 'ਚ ਇਕ ਜੋੜ ਮੇਲ 'ਚ ਇਕ ਭਾਈ ਨੇ ਉਚਾਰੀ ਸੀ :-

ਮਸਰਾਂ ਦੀ ਦਾਲ ਕਾਹਨੂੰ ਚਾਹੜੀ ਏ ਕੁਪੱਤੀ ਰੰਨੇ,
ਮਸਰਾਂ ਦੀ ਦਾਲ ਕਾਹਨੂੰ ਚਾਹੜੀ ਏ ।
ਹੋਰਨਾਂ ਨੂੰ ਦੇਵੇਂ ਤੂੰ ਭਰ ਭਰ ਪਿਆਲੇ, ਖਸਮਾਂ ਦੀ ਦਾੜ੍ਹੀ ਚਾ ਸਾੜੀ ਏ,
ਕੁਪੱਤੀ ਰੰਨੇ । ਮਸਰਾਂ ਦੀ ਦਾਲ ਕਾਹਨੂੰ...........

ਸਾਹਿਤ ਵਿਚ ਅਜੇਹੇ ਹਾਸੇ ਨਹੀਂ ਆਉਂਦੇ ਜਿਹੜੇ ਕਿਸੇ ਨੂੰ ਚਿੜਾਨੇ ਵਾਲੇ ਹੋਉਨ, ਕਿਸੇ ਗਿਰੇ ਢੱਠੇ ਪੁਰ ਕੱਸੇ ਗਏ ਹੋਉਨ । ਸਹਤੀ ਕਾਲੇ ਬਾਗ ਵਿਚ ਬੈਠੇ ਜੋਗੀ ਨੂੰ ਭੋਜਨ ਲੈ ਕੇ ਗਈ ਹੈ ਤਾਂ ਉਸ ਥਾਉਂ ਦੀ ਗਲ ਬਾਤ ਭੀ ਟਾਂਚਾਂ ਭਰੀ ਏ ਹਾਸੇ ਮਖੌਲ ਦੀ ਏ, ਪਰ ਉਸ ਨੂੰ ਹਾਸਯ ਰਸ 'ਚ ਚੰਗੀ ਜਗਹ ਨਹੀਂ ਮਿਲ ਸਕਦੀ ॥ ਅਜ ਕਲ ਰੇਡੀਓ ਕਦੇ ਕਦਾਈਂ ਚੰਗੇ ਹਾਸਯ ਰਸ ਦੇ ਗਾਨੇ ਸੁਨਾ ਜਾਂਦਾ ਹੈ ਜਿਵੇਂ :-

"ਮੈਂ ਮਾਝੇ ਦੀ ਜੱਟੀ, ਗਲਾਬੂ ਨਿੱਕਾ ਜਿਹਾ" ਇਤਿਆਦੀ ।

## ੩--'ਕਰੁਨਾ (ਸੋਕ) ਤੇ ਕਰੁਨ ਰਸ'

ਕਿਸੀ ਦੁਖੀਏ ਬੰਦੇ ਨੂੰ ਦੇਖ ਕੇ ਚਿੱਤ ਦਾ ਦੁਖੀ ਹੋ ਜਾਨਾ 'ਕਰੁਨਾ' ਹੈ । ਇਕ ਉਰਦ ਸ਼ੇਅਰ ਹੈ :-

ਕਾਂਟਾ ਲਗੇ ਕਿਸੀ ਕੇ ਤੜਪਤੇ ਹੈਂ ਹਮ ਅਮੀਰ ।
ਸਾਰੇ ਜਹਾਂ (ਜਹਾਨ) ਕਾ ਦਰਦ ਹਮਾਰੇ ਜਿਗਰ ਮੇਂ ਹੈ ॥

ਹੀਰ ਦਾ ਜੀਵਨ, ਬਿਆਹੇ ਜਾਣੇ ਤੋਂ ਪਿਛੋਂ ਕਰੁਨਾਮੈ ਬੀਤਿਆ ਹੈ । ਆਪਨ

Digitized by Panjab Digital Library | www.panjabdigilib.org

ਪ੍ਰੀਤਮ ਦੀ ਜੁਦਾਈ 'ਚ ਆਖਿਆ ਹੋਇਆ ਬਾਰਾਂ ਮਾਹਾ ਉਸ ਦੀ ਇਸ ਅਵਸਥਾ ਨੂੰ ਭਲੀ ਪ੍ਰਕਾਰ ਦਸਦਾ ਏ। ਜਿਵੇਂ :-

ਚੜ੍ਹਿਆ ਪੋਹ ਦਰਿੰਦ ਜਿਆਲ ਪਾਲੇ ਹੀਰ ਸਿਆਲ ਜਾਲੇ ਮੀਆਂ ਰਾਂਝਿਆ ਓਇ। ਰਾਤੀਂ ਕਾਲੀਆਂ ਜਾਲੀਆਂ ਠਰਾਂ ਪਾਲੇ ਅੱਛੇ ਕੋਲ ਪਾਲੇ ਮੀਆਂ ਰਾਂਝਿਆ ਓਇ॥

ਨਾਹੀਂ ਸਾਰ ਸਤਾਵੀ ਲਦੀਆਂ ਮਾਰ ਸਰਦੀ ਕਿਹੜਾ ਲੇਖ ਟਾਲੇ ਮੀਆਂ ਰਾਂਝਿਆ ਓਇ। ਸੁੱਕੇ ਨੀਰ ਨਦੀਆਂ ਨਹਰ ਬਹਰ ਨਾਲੇ ਬਰਫ਼ਾਂ ਪੈਨ ਨਾਲੇ ਮੀਆਂ ਰਾਂਝਿਆ ਓਇ॥

ਭੁਲ ਆਪਨੀ ਗਈ ਤੇ ਪਈ ਤੇਰੀ ਕਿਥੇ ਹੀਰ ਭਾਲੇ ਮੀਆਂ ਰਾਂਝਿਆ ਓਇ॥
ਕਰਾਂ ਰਾਤ ਭਰਬਾਤ ਭਰਬਾਤ ਵੇਲੇ ਪਿਆ ਝਾਤ ਡਾਲੋ ਮੀਆਂ ਰਾਂਝਿਆ ਓਇ।

"ਭੁਲ ਆਪਨੀ ਗਈ ਤੇ ਪਈ ਤੇਰੀ" ਕਰੁਨਾ ਦੀ ਇਕ ਓੜਕ ਹੈ। ਕਵੀਵਰ ਹਿਰਦਾ ਰਾਮ ਨੇ ਰਾਮ ਚੰਦ੍ਰ ਦੀ ਅਜੇਹੀ ਅਵਸਥਾ, ਓਸ ਵੇਲੇ ਦੀ ਦੱਸੀ ਏ। ਜਦੋਂ ਉਹ ਸੀਤਾ ਜੀ ਦੀ ਢੂੰਡ ਵਿਚ ਫਿਰਦੇ ਹੋਏ ਹਨੂਮਾਨ ਨੂੰ ਤੇ ਫੇਰ ਉਸਦੇ ਨਾਲ ਸੁਗ੍ਰੀਵ ਨੂੰ ਮਿਲੇ ਹਨ। ਲਿਖਿਆ ਹੈ :-

ਆਪ ਮਿਲਿਓ ਭਲੀ ਭਾਂਤਿ ਹਨੂ ਪੁਨਿ ਰਾਮਹਿ ਆਨ ਸੁਗ੍ਰੀਵ ਮਿਲਾਏ।
ਨਾਰ ਵਿਯੋਗ ਬੜੋ ਦੁਹੂੰ ਓਰ ਕਹਿ ਸੁਨ ਕੇ ਬਹੁਤੇ ਦੁਖ ਪਾਏ।
ਬਾਲੀ ਕੀ ਮੀਚ ਕਹੀ ਰਘੂਬੀਰਹਿ ਭੇਦਨ ਕੋ ਤਰੂ ਸਾਤ ਬਤਾਏ।
ਭੂਲ ਗਯੋ ਅਪਨੋ ਸਭ ਹੀ ਦੁਖ ਬਾਨਰ ਕੇ ਦੁਖ ਨੈਨ ਬਹਾਏ॥

## ੪– ਕ੍ਰੋਧ ਤੇ ਰੁਦ੍ਰ ਰਸ

ਕ੍ਰੋਧ ਦੇ ਲੱਛਨ ਪ੍ਰਬੋਧ ਚੰਦ੍ਰ ਨਾਟਕ 'ਚ ਇਓਂ ਦੱਸੇ ਗਏ ਹਨ। ਇਸ ਗ੍ਰੰਥ ਵਿਚ ਬਿਵੇਕ ਤੇ ਮਹਾਮੋਹ ਦੋ ਰਾਜਿਆਂ ਦਾ ਯੁੱਧ ਕਰਾਇਆ ਗਿਆ ਹੈ।

Digitized by Panjab Digital Library | www.panjabdigilib.org

ਬਿਵੇਕ ਦੇ ਸੇਨਾ ਪਤੀ ਸੰਤੋਖ, ਸ਼ਾਂਤੀ, ਇਤਿਆਦਿ ਸਾਤੁਇਕ ਭਾਵ ਹਨ। ਸ਼ਾਸਤਰ ਤੇ ਉਪਨਿਖਦਾਂ ਹਨ। ਅਰੁ ਮਹਾ ਮੋਹ ਦੇ ਜਰਨੈਲ ਕ੍ਰੋਧ ਆਦਿ ਅਸੁਰੀ ਭਾਵ ਹਨ। ਅੰਤ 'ਚ ਆਨ'ਕੇ ਮੋਹ ਮਰ ਜਾਂਦਾ ਹੈ, ਵਿਵੇਕ ਦੀ ਜਿੱਤ ਹੋ ਕੇ ਮਨੁਖ ਨੂੰ ਮੋਕਸ਼ ਦੀ ਪ੍ਰਾਪਤੀ ਹੋ ਜਾਂਦੀ ਏ। ਮਹਾ ਮੋਹ ਦੇ ਪੁਛਨੇ ਪੁਰ ਭਈ ਤੂੰ ਕੀ ਕੰਮ ਕਰ ਸਕਦਾ ਏਂ, ਕ੍ਰੋਧ ਆਖਦਾ ਏ :-

ਅੰਧ ਕਰੋਂ ਦ੍ਰਿਗ ਵੰਤਨ ਕੋ, ਸ੍ਰੁਤ ਵੰਤਨ ਕੋ ਬਧਰੇ ਕਰ ਡਾਰੋਂ।
ਧ੍ਰਿਤ ਵੰਤਨ ਕੋ ਸੁ ਅਧੀਰ ਕਰੋਂ, ਪੁਨਿ ਚਾਤੁਰ ਕੀ ਮਤਿ ਦੂਰ ਨਿਵਾਰੋਂ।
ਹਿਤ ਕਾਰਜ ਨਾਹਿ ਪਿਖੇ ਕਬਹੀ, ਜਿਨਕੇ ਉਰ ਭੀਤਰ ਮੈਂ ਪਗ ਧਾਰੋਂ।
ਹਿਤ ਆਤਮ ਕੋ ਨ ਸੁਨੇ ਕਬਹੀ, ਪਢਿਓ ਜਿਤਨੋ ਖਿਨ ਮਾਂਹ ਬਿਸਾਰੋਂ।

੩-੧੩੫

ਬਿਬੇਕ ਰਾਜਾ ਨੇ ਨਿਯਾਯ ਸ਼ਾਸਤ੍ਰ ਨੂੰ ਅਪਨਾ ਦੂਤ ਬਨਾ ਕੇ ਮਹਾ ਮੋਹ ਦੇ ਪਾਸ ਭੇਜਿਆ, ਤਾਂ :-

ਮੋਹ ਮਹੀਪ ਸੁਨਿਓ ਜਬ ਹੀ ਬ੍ਰਿਕੁਟੀ ਭ੍ਰਿਕੁਟੀ ਖਲ ਤਾਹਿ ਚਢਾਈ।
ਅਤੀ ਕ੍ਰੂਰ ਸੁ ਕ੍ਰੋਧ ਮਗਨ ਭਯੋ, ਦ੍ਰਿਗ ਲਾਲ ਕਰੇ ਇਹ ਬਾਤ ਅਲਾਈ।
ਸੁਬਿਵੇਕ ਕਰੇ ਦੁਸ਼ਟਾਤਮਤਾ, ਫਲ ਤਾਹਿ ਪਿਖੇ ਇਮ ਬਾਤ ਦੂਤ ਸੁਨਾਈ।
ਰਣ ਹੇਤ ਪਖੰਡ ਕੋ ਆਗਮ ਜੋ ਖਲ ਮੋਹ ਬਲੀ ਤਬ ਦੀਨ ਪਠਾਈ॥

॥ ਪ-੨੯ ॥

ਅੱਖਾਂ ਲਾਲ ਕਰਨਾ, ਭਵਾਂ ਚਢਾਨਾ, ਉੱਚੀ ਉੱਚੀ ਬੋਲਨਾ ਇਹ ਕ੍ਰੋਧ ਦੇ ਅਨੁਭਾਵ ਹਨ॥ ਇਹੀ ਰੰਗ ਹੀਰ ਦਾ ਉਸ ਵੇਲੇ ਦਾ ਹੈ ਜਦੋਂ ਉਸ ਨੂੰ ਪਤਾ ਲਗਾ, ਭਈ ਉਸ ਦੇ ਬੇੜੀ ਵਾਲੇ ਪਲੰਘ ਉਤੇ ਕੋਈ ਪਰਦੇਸੀ ਸੁੱਤਾ ਪਿਆ ਏ।

ਪਲੰਘ ਵਾਲੀ ਕਥਾ ਸੰਖੇਪ ਚ' ਇਹ ਹੈ, ਕਿ ਹੀਰ ਦੀ ਸੈਰ ਦੇ ਵਾਸਤੇ ਇਕ। ਬੇੜੀ ਬਨਵਾਈ ਗਈ, ਜਿਸ ਦੇ ਵਿਚ ਬੰਗੁਲਾ ਬਨਿਆ ਹੋਇਆ ਸੀ, ਅਰੁ ਉਸ ਦੇ ਅੰਦਰ ਇਕ ਪਲੰਗ ਭੀ ਥਾ। ਬੇੜੀ ਲੁੱਡਨ ਨਾਉਂ ਦੇ ਮਲਾਹ ਦੇ ਸਿਪੁਰਦ ਸੀ। ਬੰਗੁਲੇ ਨੂੰ ਤਾਲਾ ਲਗਿਆ ਰਹਿੰਦਾ ਸੀ। ਹੀਰ ਜੁਮਏ (ਸ਼ੁਕਰ ਵਾਰ) ਦੇ ਦਿਨ ਸੈਰ ਨੂੰ ਜਾਇਆ ਕਰਦੀ ਸੀ। ਹੋਰਸ ਦਿਨ ਲੁੱਡਨ ਓਸ ਬੇੜੀ ਤੋਂ ਕੰਮ

Digitized by Panjab Digital Library | www.panjabdigilib.org

ਲਿਆ ਕਰਦਾ ਸੀ । ਜਿਸ ਦਿਨ ਧੀਦੋ ਉਥੇ ਪਹੁੰਚਿਆ । ਲੁੱਡਨ ਨੇ ਓਹ ਬੰਗਲਾ ਖੋਲ ਕੇ ਉਸ ਨੂੰ ਦਿਖਾਇਆ ਤੇ ਉਥੇ ਈ ਆਰਾਮ ਕਰਨੇ ਨੂੰ ਆਖ ਦਿਤਾ । ਸੋ :-

ਇਤਨੇ ਵਿਚ ਕਿਸੇ ਮੁਖਬਿਰ ਖਬਰ ਕੀਤੀ, ਦੱਸੀ ਸੇਜ ਕੁਆਰ ਦੀ ਵਾਰ ਮੀਆਂ ।
ਚੌਂਹੀਂ ਕਪੜੀਂ ਭੜਕ ਕੇ ਅੱਗ ਲੱਗੀ, ਲਿਬੂ ਲਾਇਆ ਗਜ਼ਬ ਸ਼ਰਾਰ ਮੀਆਂ ।।
ਆਖੇ ਕੌਨ ਗਵਾਰ ਜੋ ਛੂਤ ਕਰ, ਮੇਰੀ ਛੇਜ ਅਨਛੂਤ ਕੁਆਰ ਮੀਆਂ ।
ਫ਼ਜ਼ਲ ਸ਼ਾਹ ਗੋਰੀ ਹੀਰ ਚੜ੍ਹੀ ਜਿਵੇਂ ਬਹਰ ਗੋਰ ਬਹਰਾਮ ਸ਼ਿਕਾਰ ਮੀਆਂ ।।
ਲੈ ਕੇ ਸੱਠ ਸਹੇਲੀਆਂ ਧਾ ਪਈ, ਸਿੱਧੀ ਘਾਟ ਨੂੰ ਹੀਰ ਸਿਆਲ ਮੀਆਂ ।
ਘਟਾਂਬਨ੍ਹ ਗਈਆਂ ਗਿਰਦ ਗਿਰਦ ਸੈਈਆਂ, ਵਿਚ ਹੀਰ ਸੀ ਬਰਕ ਮਿਸਾਲ ਮੀਆਂ ।

ਮਿਰਗ ਛੈਲੀਆਂ ਛਾਲੀਆਂ ਮਿਰਗ ਵਾਂਗੂ, ਬਾਰੇ ਹਰਨੀਆਂ ਬਾਰ ਗਜਾਲ ਮੀਆਂ
ਛਟੀਆਂ ਹੋਈਆਂ ਲਗਰਾਂ, ਛਿਟੀਆਂ ਹਥ ਲਗਰਾਂ ਭੱਨ ਲਈਆਂ ਸਾਲ ੨ ।।
ਅਬਰੂ ਤੇਗ ਤਲਵਾਰ ਕਟਾਰ ਮਿਜ਼ਗਾਂ, ਕਾਲੇ ਨੈਨ ਸੁੱਟਨ ਢਾਲ ਦੇ ਢਾਲ ਮੀਆਂ ।

ਗੁੱਸੇ ਨਾਲ ਅੱਖੀਂ ਲਾਲ ਲਾਲ ਹੋਈਆਂ, ਜਿਵੇਂ ਲਾਲ ਭਖਨ ਲਾਲ ਲਾਲ ਮੀਆਂ ।।

ਗਜ਼ਬ ਸ਼ਬਦ ਬੇ ਓੜਕ ਗੁੱਸੇ (ਕ੍ਰੋਧ) ਦੇ ਵਾਸਤੇ ਆਇਆ ਹੈ ਤੇ ਅੱਖੀਂ ਲਾਲ੨ ਹੋਨਾ ਕ੍ਰੋਧ ਦਾ ਅਨੁਭਾਵ ਹੈ ।

ਹੋਰ ਉਦਾਹਰਨ :- ਜੋਗੀ ਵੇਸ ਰਾਂਝਾ ਹੀਰ ਦੇ ਨਗਰ ਨੂੰ ਆ ਰਿਹਾ ਸੀ ਤੇ ਪਿੰਡ ਦੀ ਜੂਹ ਵਿਚ ਭੇਡਾਂ ਚਾਰਦੇ ਅੰਡਿਆਲੀ ਨਾਲ ਟਾਕਰਾ ਹੋਇਆ ਇਹ ਆਪਨੇ ਆਪਨੂੰ ਛਿਪਿਆ ਛਿਪਾਇਆ (ਬੇ ਪਛਾਨ) ਰੱਖਿਆ ਚਾਹੁੰਦਾ ਸੀ ਭਰ ਅੰਡਿਆਲੀ ਨੇ ਪਛਾਨ ਕੇ ਆਖ ਦਿੱਤਾ, ਕਿ ਤੂੰ ਤਾਂ ਹੀਰ ਦਾ ਪ੍ਰੇਮੀ ਰਾਂਝਾ ਏਂ । ਸੋ ਉਸ ਵੇਲੇ :-

ਨਾਲ ਗਜ਼ਬ ਦੇ ਬਰ ਰਹੇ ਕੰਬ ਜੋਗੀ, ਆਖੇ ਕਹਰ ਦਾ ਗਿਰੇ ਪਹਾੜ ਮੀਆਂ ।

ਗੁੱਸੇ ਨਾਲ ਦੌਵੇਂ ਹਥ ਮਾਰ ਭੂਏਂ, ਤ ਕਹਿਆ ਦੇਖ ਗਜ਼ਬ ਸ਼ਰਾਰ ਮੀਆਂ ।
ਸੈਯਦ ਵਾਰਿਸ ਸ਼ਾਹ ਨੇ ਭੀ, ਇਸ ਜੋਗੀ ਦੇ ਕ੍ਰੋਧ ਦਾ ਰੰਗ ਇਜੇਹਾ ਈ ਦਸਿਆ ਏ । ਜੋਗੀ ਤੋਂ ਅਖਵਾਇਆ ਹੈ :-

ਜੂੱਟਾ ਚਾਕ ਬਨਾਏਂ ਤੂੰ ਜੋਗੀਆਂ ਨੂੰ, ਏਹਾ ਜੀਉ ਆਵੇ ਸੁਟੂੰ ਚੀਰ ਮੀਆਂ ।
ਥੁਰਾ ਥਰ ਕੰਬੇ ਗੁੱਸੇ ਨਾਲ ਜੋਗੀ ਅੱਖੀਂ ਰੋਹੁ ਪਲਟਿਆ ਨੀਰ ਮੀਆਂ ।

ਚੰਡੀ ਚਿਤ੍ਰ ਚੋਂ ਉਦਾਹਰਨ ।

ਜਦੋਂ ਦੇਵਤਾ ਲੋਗ ਅਸੁਰ ਸੇਨਾ ਤੋਂ ਹਾਰ ਗਏ, ਤਾਂ ਦੁਰਗਾ ਨੇ :-

ਕਾਨ ਸੁਨੀ ਧੁਨਿ ਦੇਵਨ ਕੀ ਸਬ ਦਾਨਵ ਮਾਰਨ ਕੋ ਮਨ ਕੀਨੋ ।
ਹੁਇ ਕੈ ਪ੍ਰਤੱਛ ਮਹਾਬਰਚੰਡ ਸੁ ਕ੍ਰੁਧ ਹਵੈ ਜੁੱਧ ਬਿਖੇ ਮਨ ਦੀਨੋ ।
ਭਾਲ ਕੋ ਫੋਰ ਕੈ ਕਾਲੀ ਭਈ ਲਖ ਤਾਂ ਛਬਿ ਕੋ ਕਵਿ ਕੋ ਮਨ ਭੀਨੋ ।
ਦੈਤ ਸਮੂਹ ਬਿਨਾਸਨ ਕੋ ਜਮ ਰਾਜ ਤੇ ਮ੍ਰਿਤ ਮਨੋ ਭਵ ਲੀਨੋ ।
ਪਾਨ ਕ੍ਰਿਪਾਨ ਧਰੇ ਬਲਵਾਨ ਸੁ ਕੋਪ ਕੈ ਬਿਜੁਲ ਜਿਉਂ ਗਰਜੀ ਹੈ ।
ਮੇਰ ਸੁਮੇਰ ਹਲੇ ਗਰੂਏ ਗਿਰ ਸੇਸ ਕੇ ਸੀਸ਼ ਧਰਾ ਲਰਜੀ ਹੈ ।
ਬ੍ਰਹਮ ਧਨੇਸ ਦਿਨੇਸ ਡਰਿਓ ਸੁਨਿ ਕੇ, ਹਰਿ ਕੀ ਛੱਤੀਆਂ ਤਰਜੀ ਹੈ ।
ਚੰਡ ਪ੍ਰਚੰਡ ਅਖੰਡ ਲੀਏ ਕਰ, ਕਾਲ ਕਾ ਕਾਲ ਹੀ ਜਿਓਂ ਅਰਜੀ ਹੈ ।

## ੫-ਉਤਸਾਹ ਤੇ ਵੀਰ ਰਸ

ਉਤਸਾਹ ਦੇ ਅਰਥ ਹਨ = ਉਮੰਗ, ਸਾਹਸ, ਲਹਰ. ਅਜੇਹਾ ਭਾਵ, ਭਈ ਇਹ ਕੰਮ ਮੈਂ ਅਵਸ਼ ਕਰਨਾ ਹੈ, ਅਰੁ ਮੈਂ ਇਸ ਨੂੰ ਕਰ ਸਕਦਾ ਹਾਂ Dr. J Sime ਡਾ: ਜੇ . ਸਾਇਮ. ਆਪਨੀ ਪੁਸਤਕ ਮਾਰਲ ਰੀਡਰ (Moral Reader) ਚ' Courage (ਕੱਰੇਜ) ਦਿਲੇਰੀ ਵਾਲੇ ਨਿਬੰਧ ਚ' ਲਿਖਦੇ ਹਨ :- "Courage is true Valour or worth, It means letrally, heart

Digitized by Panjab Digital Library | www.panjabdigilib.org

whatever we may have to do or dare."
ਅਰਥਾਤ ਦਲੇਰੀ ਇਕ ਸੱਚੀ ਬਹਾਦੁਰੀ ਔਰ ਗੁਣ ਹੈ । ਇਸ ਦ ਸ਼ਬਦ-ਅਰਥ ਹਨ, ਕਿ ਜੋ ਕੁਛ ਕਿ ਅਸਾਂ ਕਰਨਾ ਹੈ, ਉਸ ਦੇ ਵਾਸਤ ਦਿਲ, ਉਮੰਗ, ਹੌਸਲਾ ਯਾ ਹਿੰਮਤ ॥ ਇਕ ਉਰਦੂ ਕਵੀ ਆਖਦਾ ਹੈ :-

ਅਲਵੁਲਅਜ਼ਮਾਨ ਦਾਨਿਸ਼ਮੰਦ ਜਬ ਕਰਨੇ ਪੈ ਆਤੇ ਹੈਂ ।
ਸਮੁੰਦ੍ਰ ਚੀਰਤੇ ਹੈਂ ਕੋਹ ਸੇ ਦਰਿਯਾ ਬਹਾਤੇ ਹੈਂ ॥

ਸ਼ਿੰਗਾਰ ਰਸ ਵਾਲੇ ਵਰਨਨ ਚ' ਆਏ ਧੀਦੋ ਤੇ ਉਸਦੀ ਭਰਜਾਈਆਂ ਦੇ ਸਮਵਾਦ ਵਿਚ ਧੀਦੋ ਆਖਦਾ ਏ, ਮੈਂ ਘਰੋਂ ਚਲਾ ਜਾਵਾਂਗਾ । ਤਾਂ ਭਰਜਾਈਆਂ ਆਖਿਆ ਮੁਸ਼ਕਲ ਹੋਨ ਬੇਗਾਨੀਆਂ ਕਰਨ ਕਾਰਾਂ, ਜਾਨਨ ਸੋਈ ਜਿਨ੍ਹਾਂ ਅਜਮਾਈਆਂ ਜੇ ।

ਇਜੇਹੀਆਂ ਗੱਲਾਂ ਸੁਨ ਕੇ ਧੀਦੋ ਬੋਲਿਆ :-

ਨਾਂ ਮੈਂ ਜਟ ਜਾਹਿਲ ਲਿਖ ਪਢ ਜਾਨਾਂ, ਹਥ ਕਲਮ ਦੇ ਕੁਲ ਉਮਰਾਈਆਂ ਜੇ
ਤੁਸੀਂ ਜਮ ਮੇਰਾ ਅੰਗ ਅੰਗ ਰਹੀਆਂ, ਨਾ ਮੈਂ ਬਕਰਾ ਬਕਰ ਕਸਾਈਆਂ ਜੇ ।
ਕਮ ਇਲਮ ਨਾਹੀਂ ਕੱਮ ਇਲਮ ਜਾਣਾਂ, ਇਲਮਾਂ ਵਾਲਿਆਂ ਦੂਰ ਬਲਾਇਆਂ ਜੇ
ਜਿੱਥੇ ਗਿਆ ਇਨਸ਼ਾ ਅੱਲਾ, ਕਦਰ ਹੋਸੀ ਨਾਹੀ ਕਚ ਮੈਂ ਸਚ ਸੁਨਾਈਆਂ ਜੇ ।

ਉਹ ਘਰੋਂ ਨਿਕਲ ਤੁਰਦਾ ਏ, ਭਾਈ ਮੋੜਨੇ ਨੂੰ ਗਏ, ਪਰ ਉਹ ਬੋਲਿਆ :-

ਤੁਸੀਂ ਘਰ ਅਸੀਂ ਵਿਹੜੇ, ਖੈਰ ਸੱਲਾ, ਦੌਲਤ ਵਧੇ ਖਾਨਹ ਅਵਾਦਾਨ ਭਾਈ ।
ਜਿਥੇ ਜਾਣ ਹੰਡਾਨ ਤੇ ਖਾਣ ਚੰਗਾ, ਸਾਹਬ ਇਲਮ ਤੇ ਹਿਲਮ ਜਬਾਨ ਭਾਈ

ਇਹ ਸਾਰੀਆਂ ਗੱਲਾਂ ਹਨ, ਜਿਹੜਾ ਕੱਮ ਵੀ ਕਰਨਾ ਹੈ ਉਸਦੇ ਵਾਸਤੇ ਉਮੰਗ ।

ਕਵੀਵਰ ਹਿਰਦਾ ਰਾਮ ਨੇ ਮਹਾਬੀਰ ਹਨੂਮਾਨ ਦੇ ਸਮੁੰਦ੍ਰ ਫਾਂਦ ਜਾਣੇ ਦਾ ਵਰਨਨ ਇਉਂ ਕੀਤਾ ਹੈ ।

ਬਾਂਧ ਮੁਠੀ ਦੋਉ ਪਾਇ ਲਗਾਇ, ਸੁਬੀਰ ਬੜੇ ਰਘੁਬੀਰ ਕੀ ਘਾਂਕੋ ।
ਪੂਛ ਉਠਾਇ ਨਿਵਾਇ ਦਈ ਕਟਿ ਲੋਚਨ ਮੂੰ ਦਨ ਨੀਰਹਿ ਤਾਕੋ ।

Digitized by Panjab Digital Library | www.panjabdigilib.org

ਰਾਮ ਕੋ ਨਾਮ ਲੀਓ ਮੁਖ ਤੇ ਜੀਅ ਮੇਂ ਧਰ ਪੌਰਖ ਤਾਹਿ ਕ੍ਰਿਪਾ ਕੋ ।
ਬ ਰ ਲਗੀ ਨਹੀ ਪਨ ਕੇ ਪੂਤਹਿ ਪਾਰ ਪਹਿਰੇ ਲੰਘ ਬਾਰਿਧ ਬਾਂਕੋ ।

ਅੰਕ ੬ — ਸਵੈਯਾ ੨੪

ਸਮਾਇਲਜ਼ (Smiles) ਦਾ ਆਖਣਾ ਹੈ ਕਿ (Courage) (ਦਲੇਰੀ) ਹੈ ਕਿਸੀ ਭਲੇ ਤੇ ਪਵਿਤ੍ਰ ਕੱਮ ਦੇ ਵਾਸਤੇ ਡਟ ਜਾਨਾ ।ਇਹਦਲੇਰੀ ਇਕ ਬਲ ਹੈ, ਜਿਸਦੀ ਜੀਵਨ 'ਚ ਕਈ ਬਾਰ ਆਵਸ਼ਕਤਾ ਪੈਂਦੀ ਰਹੰਦੀ ਏ । ਇਹ ਇਕ ਪੱਕਾ ਨਿਸਚੇ ਹੈ ਜਿਸ ਨੂੰ ਕੋਈ ਵੀ ਡਰ ਡੁੱਕਰ ਵਿਚ ਹਿਲਾ ਨਹੀਂ ਸਕਦਾ ।

ਸਮਾਇਲਜ਼ Smiles ਸਾਹਬ ਦਾ ਕਥਨ ਹੈ ਕਿ ਯਹ ਦਲੇਰੀ ਇਕ ਆਦਮੀ ਨੂੰ ਮਰਨੇ ਤਾਂਈ ਭੀ ਤਿਆਰ ਕਰ ਦੇਂਦੀ ਹੈ, ਜ਼ੇ ਆਪਨੇ ਕਰਤੱਵ ਪਾਲਨ 'ਚ ਇਜੇਹੀ ਗੱਲ ਆਨ ਬਨੇ' ਇਸ ਦੀ ਤਮਜੀਲ ਹੈ :-

ਮਰਤੇ ਮਰਤੇ ਮਰ ਗਏ ਲੇਕਿਨ ਨ ਛੋੜਾ ਆਨ ਕੋ ।
ਆ ਕੇ ਦੇਖੋ ਦੋਸਤੋ ਇਸ ਰਾਜਪੂਤੀ ਸ਼ਾਨ ਕੋ ॥

ਸਾਇਮ Sime ਮਹੋਦੈ ਦਾ ਕਹਨਾ ਹੈ ਕਿ ਦੇਖਨੇ ਮਾਤ੍ਰ ਦੇ ਵਾਸਤੇ ਤਾਂ ਇਹ —ਦਿਲੇਰੀ— ਧੀਰਜ ਤੇ ਮਰਦਾਨਗੀ ਦਾ ਜੋਗ (ਮਜਮੂਆ) ਹੈ । ਜਿਹੜਾ ਮਨੁਖ ਨੂੰ ਬੜੀ ਤੋਂ ਬੜੀ ਬਹਾਦੁਰੀ ਦੇ ਵਾਸਤੇ ਖੜਾ ਕਰ ਦੇਂਦਾ ਹੈ, । ਇਹ ਲੜੈਤ ਸਿਪਾਹੀ ਤੇ ਜ਼ਹਾਜ਼ਰਾਨ ਦੀ ਜੁਰਅਤ ਹੈ। ਜਿਹੜੀ ਉਹ ਯੁੱਧ ਦੇ ਖੇਤ੍ਰ 'ਚ ਦਿਖਾਉਂਦਾ ਹੈ । ਅੱਰੁ ਜਿਹੜੀ ਦਿਲੇਰੀ ਸੰਸਾਰ ਦੀ ਉੱਨਤੀ ਦੇ ਵਾਸਤੇ ਨੇਤਾ ਗਣਾਂ ਤੇ ਕਮੇਰੂਆਂ 'ਚ ਪਾਈ ਜਾਂਦੀ ਹੈਇਸ ਵਿਚ ਹੋਰ ਬਹਾਦੁਰੀ ਦੇ ਕੰਮ ਭੀ ਸੱਮਿਲਤ ਹਨ ॥ ਸਾਇਮ ਸਾਹਬ ਉਨਹਾਂ ਲੋਕਾਂ ਦੇ ਚੁਪ ਚੁਪਾਤੇ ਕੱਮ ਨੂੰ ਵਧੇਰੇ ਮਹੱਤਾ ਦੇਂਦੇ ਹਨ , ਜਿਹੜੇ ਸੱਚਾਈ ਦੀ ਖਾਤਿਰ ਯਾ ਕਰਤੱਵ ਪਾਲਨ ਦੀ ਖਾਤਿਰ, ਹਾਨਿ ਝੱਲਣੇ ਨੂੰ ਵੀ ਤਿਆਰ ਰਹੰਦੇ ਹਨ ॥ ਇਹ

Digitized by Panjab Digital Library | www.panjabdigilib.org

ਬਹਾਦੁਰੀ ਯਾ ਦਿਲੇਰੀ ਹੈ ਦਿਆਨਤਦਾਰ ਹੋਨਾ, ਸਚ ਬੋਲਨੇ ਦੀ ਹਿੰਮਤ, ਦੁਰ ਵਾਸਨਾਆਂ ਤੋਂ ਬਚਨਾ ਔਰ ਕਿ ਕਰਤੱਵ ਪਾਲਨ 'ਚ ਹਰ ਸਮਯ ਤਿਆਰ ਬਰ ਤਿਆਰ ਰਹਨਾ ਤੇ ਅਨੁਚਿਤ ਕੰਮਾਂ ਤੋਂ ਬਚਨਾ ਇਤਿਆਦਿ ਇਤਿਆਦੀ। ਇਸੀ ਹਿਮਤ ਤੇ ਬਹਾਦੁਰੀ ਵਿਚ ਭੀੜ ਸਘੀੜ ਦੇ ਦਿਨਾਂ' ਵਿਚ ਢਿਗੀ ਨ ਢਾ ਬੈਠਨਾ ਤੇ ਕਰਜਾ ਚੁੱਕਨ ਤੋਂ ਬਚਨਾ ਭੀ ਗਿਣੇ ਗਏ ਹਨ ॥ ਸਮਾਇਲ ਮਹੋਦਯ ਇਕ ਭਾਟ ਦੇ ਮੂੰਹ ਤੋਂ ਅਖਵਾਉਂਦਾ ਹੈ, "Who would be a Cnave Coward" ਯਾਨੀ ਕਿ ਬੁਜ਼ਦਿਲ ਤੇ ਮੱਕਾਰ ਬਨਨਾ ਕਿਸ ਨੂੰ ਪਸੰਦ ਹੋਵੇਗਾ" ਫੇਰ ਉਤ੍ਰ 'ਚ ਆਖਦਾ ਹੈ, ਕਿ ਕੋਈ ਇਨਸਾਨ ਭੀ ਇਸ ਤੁਹਮਤ ਨੂੰ ਕ਼ਬੂਲ ਨਹੀਂ ਕਰੇਗਾ। ਸਾਥ ਹੀ ਉਸ ਨੇ ਲਿਖਿਆ ਹੈ ਕਿ ਸੰਸਾਰ 'ਚ ਬਹੁਤ ਸਾਰੇ ਕਸ਼ਟ ਔਰ ਬੁਰਾਈਆਂ ਇਸੀ Moral Courage--- ਅਖਲਾਕੀ ਜੁਰਅਤ ਦੇ ਨ ਹੋਨੇ ਕਰਕੇ ਤੇ ਆਚਾਰ ਹੀਨਤਾ ਦੇ ਕਾਰਨ ਹੀ ਹਨ।

ਸਮਾਇਲਜ਼ ਸਾਹਬ ਦਾ ਕਹਣਾ ਹੈ ਕਿ ਸੰਸਾਰ ਭਰ ਦੇ ਸਭੀ ਬੜੇ ੨ ਕੱਮ ਦਿਲੇਰੀ ਨਾਲ ਈ ਪੂਰਨ ਹੋਏ ਹਨ।

ਉੱਨਤੀ ਦੀ ਓਰ ਹਰ ਡਗ ਜਿਹੜਾ ਅਸ਼ਾਂ ਦੀ ਨਸਲ ਨੇ ਉਠਾਇਆ ਉਹ ਮਰਦਾਨਗੀ ਤੇ ਧੀਰਜ ਨਾਲ ਈ ਆਪਨੀ ਮੰਜਿਲ ਨੂੰ ਅਪੜਿਆ ਹੈ। ਇਨ੍ਹਾਂ ਮਰਦਾਂ 'ਚ ਖੋਜੀ ਬੜੇ ੨ ਦੇਸ਼ ਭਗਤ ਅਤੇ ਇਸ ਜੀਵਨ ਯਾਤ੍ਰਾਂ ਦੇ ਬੜੇ ੨ ਕਮੇਰੇ ਸੱਮਿਲਿਤ ਹਨ। ਉਸ ਦਾ ਕਹਣਾ ਹੈ ਕਿ ਕੋਈ ਸਚਾਈ ਯਾ ਰੱਬੀ ਨਿਯਮ ਇਜੇਹਾ ਨਹੀਂ ਜਿਸ ਦੇ ਵਾਸਤੇ, ਲੋਕਾਂ ਨੂੰ ਮਨਾਨੇ ਨੂੰ ਲੜਨਾ ਨ ਪਿਆ ਹੋਵੇ। Smiles ਸਮਾਇਲਜ਼ ਸਾਹਬ ਸੁਕਰਾਤ ਦੀ ਬਾਬਤ ਲਿਖਦੇ ਹਨ, ਕਿ ਉਸ ਨੂੰ ਬਹੱਤਰ ਵਰ੍ਹਿਆਂ ਦੀ ਬਰੇਸ 'ਚ ਹਲਾਹਲ ਪਿਲਾਈ ਗਈ, ਕਿਉਂਕ ਉਸਦੀ ਉੱਚਤਮ ਸਿਖਿਆ ਔਰ ਪਵਿਤ੍ਰਤਾ ਅਰੁ ਅਮ੍ਰਤਾ ਭਰੇ ਵਿਚਾਰ, ਉਸਦੇ ਦਿਨਾਂ ਦੇ ਕੱਟੜ ਪੰਥਿਆਂ ਤੋਂ ਵਿਰੁਧ ਸਨ। ਉਸ੍ ਨੇ ਇਜੇਹੇ ਕਈ ਹੋਰ ਉਦਾਹਰਣ ਦਿਤੇ ਹਨ। ਭਗਵਾਨ ਮਸੀਹ ਦਾ ਅੰਤ ਵੀ ਇਜੇਹਾ ਹੀ ਹੋਇਆ ਹੈ। ਸਾਡੇ ਆਪਨੇ

Digitized by Panjab Digital Library | www.panjabdigilib.org

ਮਹਾਤਮਾ ਗਾਂਧੀ ਜੀ ੨੫ ਸਾਲ ਤੋਂ ਤਾਂ ਜੇ ਰੱਸ ਦੀ ਗੱਲ ਏ ਪਹਿਲੇ ਦੀ

ਦੇਸ਼ ਵਿਚ ਇਜੇਹੇ ਦ੍ਰਿਢ ਨਿਸ਼ਚਯ ਸੰਤਾਂ ਤੇ ਮਹਾਤਮਾਆਂ ਦੀ ਗਿਣਤੀ ਕੋਈ ਥੋੜ੍ਹੀ ਨਹੀਂ । ਪੰਜਵੇਂ ਗੁਰੂ, ਫੇਰ ਨੌਂਵੇ ਗੁਰੂ, ਇਨ੍ਹਾਂ ਦੇ ਦੋ ਸਾਥੀ ਭਾਈ ਮਤੀ ਦਾਸ ਤੇ ਦੂਜੇ ਮਹਾਪੁਰਖ ਨੂੰ ਸਚਾਈ ਦੀ ਖਾਤਿਰ ਤਸੀਹੇ ਝਲਨੇ ਪਏ । ਸ੍ਰੀ ਸੁਆਮੀ ਦਯਾ ਨੰਦ, ਪੰਡਿਤ ਲੇਖ ਰਾਮ ਸੁਆਮੀ ਸ਼੍ਰਧਾ ਨੰਦ ਭੀ ਇਜੇਹੇ ਵੀਰ ਪੁਰੁਖਾਂ ਨੂੰ ਭੀ ਆਪਨੀ ਦ੍ਰਿਢ ਨਿਸਚੈਤਾ ਦਾ ਮੁਆਜਵਾ ਇਜੇਹਾ ਈ ਮਿਲਿਆ ਆਰਯ ਸਮਾਜਕ ਵਿਦਇਤ ਖੇਤਰ 'ਚ ਇਕ ਵਿਅਕਤੀ ਅੱਗੇ ਆਇਆ , (ਪ੍ਰਾਤਹ ਸਿਮ੍ਰਨੀ ਮਹਾਤਮਾ ਹੰਸ ਰਾਜ) ਉਹ ਕਈ ਹੋਰਨਾਂ ਨੂੰ ਆਪਨੀ ਓਰ ਖਿੱਚਨ 'ਚ ਸਫ਼ਲ ਹੋਇਆ ! ਉਸਦੀ ਉਸ ਮਹਾਨਤਾ ਦਾ ਫਲ ਅਜ ਸਾਡੇ ਸਾਮਨੇ ਹੈ । ਇਹ ਸਭ ਕੁਛ ਉਤਸਾਹ ਦੀ ਬਰਕਤ ਨਾਲ ਈ ਹੋਇਆ ਹੈ ॥

ਉਤਸਾਹ ਹੀਨ ਪੁਰੁਖ ਸਦਾ ਈ ਘਾਟੇ 'ਚ ਰਹਿੰਦਾ ਹੈ । ਆਖਿਆ ਜਾਂਦਾ ਹੈ, ਕਿ ਕੋਈ ਰਾਹੀ ਕਿਸੇ ਗ੍ਰਾਂ ਨੂੰ ਜਾ ਰਿਹਾ ਸੀ ਤੇ ਘਰੋਂ ਸੱਤੂ ਲੜ ਬਨ ਕੇ ਤੁਰਿਆ । ਕਿਸੀ ਜਗਹ ਬੈਠ ਕੇ ਉਨ੍ਹਾਂ ਨੂੰ ਖਾਨੇ ਦੀ ਸਚਨੇ ਲੱਗਾ ਤਾਂ ਬੈਠਾ ਹੋਇਆ ਆਖੇ "ਸਤੂ ਮਨ ਮੱਤੂ । ਕਦ ਘੋਲੂੰ ਕਦ ਚਟੂੰ, " ਇੱਨੇ 'ਚ ਇਕ ਹੋਰ ਆਦਮੀ ਉਥੇ ਪੁਜਿਆ ਜਿਸ ਦੇ ਪਾਸ ਖਿਚੜੀ ਥੀ, ਉਹ ਬੋਲਿਆ ਖਿਚੜੀ ਮਨ ਮਿਚੜੀ, ਪਕਾਈ, ਖਾਈ ਚਲ ਮੇਰੇ ਭਾਈ ॥ ਇਸਦੇ ਇਨ੍ਹਾਂ ਸ਼ਬਦਾਂ ਦਾ ਪ੍ਰਭਾਵ ਸਤੂਆਂ ਵਾਲੇ ਉਪੁਰ ਇਹ ਪਿਆ ਭਈ ਉਸ ਸਤੂਆਂ ਵਾਲੇ ਨੇ ਆਪਨੇ ਸੱਤੂ ਤਾਂ ਉਸਨੂੰ ਦੇ ਦਿਤੇ ਤੇ ਖਿਚੜੀ ਉਸ ਤੋਂ ਲੈ ਲਇ ਇਸ ਦਾ ਫਲ ਜੋ ਕੁਛ ਹੋਇਆ ਹੇਗਾ ਉਹ ਸਪਸ਼ਟ ਹੈ ॥ ਸਾਡੇ ਭਾਈਆਂ ਨੇ ਹਿੰਮਤਾਂ ਕੀਤੀਆਂ ਬਾਹਿਰ ਦੇਸ਼ਾਂ ਵਿਚ ਗਏ, ਮਜ਼ਦੂਰੀਓਂ ਤਰੱਕੀ ਕਰਦੇ ੨, ਉਨ੍ਹਾਂ ਭੂਮੀ ਪਤੀਆਂ ਤੇ ਧਨੀਆਂ ਵਰਗੇ ਈ ਹੋ ਗਏ, ਇਹ ਸਭ ਸਾਹਸ ਤੇ ਦਿਲੇਰੀ ਦਾ ਈ ਪ੍ਰਤਾਪ ਹੈ । ਅਮਰੀਕਾ ਤੋਂ ਆਏ ਹੋਏ ਇਕ ਨੌਜਵਾਨ ਨ ਦਸਿਆ, ਕਿ ਇਕ ਮੁੰਡਾ ਸਾਡੇ ਨਾਲ ਫਲ ਤੋੜਨੇ ਦਾ ਕੰਮ ਕਰਿਆ ਕਰਦ ਸੀ । ਉਸ ਦਾ ਪਿਤਾ ਕਈ ਏਕੜ ਭੂਇੰ ਦਾ ਮਾਲਕ ਸੀ । ਅਸੀਂ ਉਸ ਨੂੰ ਪੁਛਿਆ, ਕਿ ਤੇਰਾ ਬਾਪ ਏਡਾ ਬੜਾ ਜਿਮੀਦਾਰ ਹੈ, ਤੂੰ ਇਹ ਮਿਹਨਤ ਮਜ਼ਦੂਰੀ

Digitized by Panjab Digital Library | www.panjabdigilib.org

ਕਿਓਂ ਕਰਦਾ ਹੈਂ । ਇਸ ਪੁਰ ਉਹ ਮੁੰਡਾ ਬੋਲਿਆ, ਕਿ ਉਹ ਜ਼ਮੀਨ ਉਸਦੀ ਹੈ ਮੈਂ ਆਪਨੇ ਵਾਸਤੇ ਆਪ ਪੈਦਾ ਕਰਾਂਗਾ ॥ ਇਸ ਦੇ ਮੁਕਾਬਲੇ 'ਚ ਅਜੀ ਇਕ ਹਿੰਦੁਸਤਾਨੀ, ਗੈਰ ਮੁਲਕੀ ਰੰਗ 'ਚ ਰੰਗੇ ਹੋਏ ਨਵ ਯੁਵਕ ਦੀ ਮੰਗ ਹੈ ਕਿ ਦੂਜਿਆਂ ਤੋਂ ਖੋਹ ਕੇ ਮੈਨੂੰ ਮਿਲ ਜਾਏ । ਭਗਵਾਨ ਇਜੇਹੀ ਜ਼ਿਹਨੀਅਤ ਪੁਰ ਤਰਸ ਕਰੇ ਤੇ ਇਨ੍ਹਾਂ ਨੂੰ ਸੁਆਤਮ ਬਿਸ਼ਵਾਸ਼ ਦੀ ਰਾਹ ਦਿਖਾਵੇ ।

# ੬-ਭੈ ਤੇ ਭਿਆਨਕ ਰਸ

ਇਸ ਰਸ ਵਿਚ ਭਿਆਉਨੀਆਂ ਗੱਲਾਂ ਦਾ ਵਰਨਨ ਆਉਂਦਾ ਹੈ । ਭੈ ਦੇ ਸਮੇਂ ਆਦਮੀ ਨਠਨੇ ਦੀ ਕਰਦਾ ਹੈ । ਉਹ ਖੜੇ ਦਾ ਖੜਾ ਈ ਰਹ ਜਾਂਦਾ ਹੈ । ਉਸ ਨੂੰ ਕੋਈ ਗੱਲ ਔੜਦੀ ਨਹੀਂ, ਇਜੇਹੀਆਂ ਗੱਲਾਂ ਭੈ ਦੇ ਅਨੂ ਭਾਵ ਹਨ ।

ਸ਼੍ਰੀ ਸਅਦੀ ਆਪਨੇ ਇਕ ਸਫਰ ਦੀ ਇਕ ਘਟਨਾ ਦਸਦੇ ਹੋਏ ਬੋਸਤਾਂ 'ਚ ਲਿਖਦੇ ਹਨ :-

ਧਕੇ ਦੀਦਮ ਅਜ਼ ਅਰਸਏ ਰੋਦਬਾਰ,
ਕਿ ਪੇਸ਼ ਆਮਦਮ ਬਰ ਧਲੰਗੇ ਸਵਾਰ ।
ਚੁਨਾਂ ਹੋਲ ਜ਼ਾਂ ਹਾਲ ਬਰਮਨ ਨਿਸ਼ਸਤ,
ਕਿ ਤਰਸੀਦਨਮ ਪਾਏ ਰਫਤਨ ਬਬਸਤ ॥

ਅਰਥਾਤ, ਰੋਦਬਾਰ ਦੇ ਇਲਾਕੇ ਦੇ ਰਹਿਨੇ ਵਾਲੇ ਇਕ ਆਦਮੀ ਨੂੰ ਮੈਂ ਦੇਖਿਆ, ਉਹ ਚਿੱਤੇ ਉਪਰ ਸਵਾਰ, ਮੇਰੇ ਸਾਮਨੇ ਆਇਆ ਉਸ ਨੂੰ ਇਸ ਅਵਸਥਾ 'ਚ ਦੇਖ ਕੇ ਮੈਂਨੂੰ ਇੱਨਾ ਦਹਲ ਪਿਆ, ਕਿ ਡਰ (ਭੈ) ਦੇ ਮਾਰਿਆਂ ਮੇਰੇ ਪੈਰ ਚਲਨੇ ਤੋਂ ਰਹ ਗਏ ॥

Digitized by Panjab Digital Library | www.panjabdigilib.org

ਕਵੀਵਰ ਹਿਰਦਾ ਰਾਮ ਕ੍ਰਿਤ ਹਨੂਮਾਨ ਨਾਟਕ ਵਿਚ ਆਉਂਦਾ ਹੈ, ਕਿ ਬਨਬਾਸ ਦੇ ਦਿਨਾਂ 'ਚ, ਜਦ ਸ਼ੁਰੁਪ ਨਖਾ, ਰਾਮ ਤੇ ਲਛਮਨ ਵਲ ਆਈ, ਅਰੁ ਉਸ ਦੀ ਇੱਛਾ ਪੂਰੀ ਨ ਹੋਈ। ਤਦੋਂ :-

ਤਿਨ ਹੂ ਬਿਚਾਰੀ ਏ ਨ ਦੋਊ ਬਿਭਚਾਰੀ'
ਪਤ ਰਹੀ ਨ ਹਮਾਰੀ ਤਬ ਆਪ ਰੂਪ ਹਵੈ ਗਈ।
ਪਾਇ ਤੋ ਪਤਾਲ ਕਰ ਸੀਸ ਕੋ ਅਕਾਸ਼ ਕਰ,
ਏਕ ਏਕ ਬਾਂਹ ਕੋਸ ਡੇਢ ਡੇਢ ਲੈਂ ਗਈ।
ਬਾਵਰੀ ਦੀਵਾਨੀ ਰਛੂ ਐਸੀ ਬੋਲੇ ਬਾਨੀ,
ਜਾ ਤੇ ਜਾਨਕੀ ਡਰਾਨੀ ਕਾਂਪੇ ਮਨੋ ਜੂੜੀ ਹਵੈ ਗਈ।
ਰਾਮੈ ਲਪਟਾਟੀ ਜੈਸੇ ਸ਼ੰਕਰ ਭਵਾਨੀ,
ਕਹਿਯੋ ਨਾਥ ਯਾ ਕੇ ਹਾਥ ਤੇ ਪ੍ਰੀਤਿ ਖਵੈ ਗਈ ॥
॥ ੩-੭੬ ॥

ਹਾਥਨ ਸੋਂ ਨਰ ਮੁੰਡਨ ਫੇਰਿ ਸੁ,
ਜਾਨਕੀ ਕੋ ਡਰਪਾਵਨ ਲਾਗੀ।
ਮੋਹਿ ਕੀਓ ਚਕ ਡੋਰ ਤਬੈ ਅਬਹੂੰ,
ਦੁਖ ਸੋਂ ਛਿਨ ਏਕ ਨ ਦਾਗੀ।
ਰਾਮ ਸੋਂ ਬਾਤ ਕਹੀ ਹਰੁਏ ਸੀਆ,
ਯਾਹਿ ਬਰੋ ਅਜਹੂੰ ਅਨੁਰਾਗੀ।
ਸੋਤ ਸਹੋਂ ਸਿਰ ਪਾਇ ਗਹੋਂ,
ਅਰੀ ਤੂੰ ਯਹ ਰੂਪ ਤਜੇ ਨ ਅਭਾਗੀ ॥

ਅਜੇਹਾ ਈ ਦ੍ਰਿੱਸ਼ ਹੀਰ ਸ: ਫਜ਼ਲ ਸ਼ਾਹ ਦੇ :-
ਸਹਤੀ ਦਿਨੇ ਇਕ ਜੋਗੀ ਨਾਲ ਝਗੜੀ, ਸੋ ਰਾਤੀਂ :-

ਸਹਤੀ ਘਰ ਅੰਦਰ ਮਿਠੀ ਨੀਂਦ ਆਈ,
ਬਾਹਰੋਂ ਖੇਡ ਕੇ ਜਦੋਂ ਸ਼ਰੀਰ ਸਹੱਤੀ।

Digitized by Panjab Digital Library | www.panjabdigilib.org

ਦਹਸ਼ਤਨਾਕ ਫਕੀਰ ਤਸਵੀਰ ਕਰਕੇ,
ਘੱਲੀ ਰਬ ਨੇ ਫੇਰ ਤਅਜੀਰ ਸਹਤੀ ।
ਸੁਫਨੇ ਖ਼ੁਆਬ ਅੰਦਰ ਛਾਤੀ ਆਨ ਬੈਠਾ,
ਜਿਵੇਂ ਸਖਤ ਕਮਾਨ ਦਾ ਤੀਰ ਸਹਤੀ ।
ਗਲਾ ਘੁਟ ਆਖੇ ਲਹੂ ਘੁਟ ਭਰਸਾਂ,
ਇੱਕੋ ਫੇਰ ਦੇਊਂ ਸ਼ਮਸ਼ੀਰ ਸਹਤੀ ॥
ਅਕੜੀ, ਪਕੜੀ, ਜਕੜੀ ਵਾਂਗ,
ਚੋਰ ਦੇ ਡਾਲ ਜੰਜੀਰ ਸਹਤੀ ।
ਪਕੜ ਲਾਲ ਡੰਡਾ ਚਾਹੜੇ ਖੂਬ ਫੰਡਾ,
ਕੁੜਤੀ ਚੋਲੀ ਕੀਤੀ ਲੀਰ ਲੀਰ ਸਹਤੀ ॥
ਮੁਨਕਿਰ ਪੀਰ ਦੀ ਨੂੰ ਜਦੋਂ ਗੁਰਜ਼ ਪਈ,
ਸਮਝੀ ਮੁਨਕਿਰ ਅਤੇ ਨਕੀਰ ਸਹਤੀ ॥
ਤੌਬਹ ਤੌਬਹ ਕਰੇ ਆਖੇ ਭੁਲ ਗਈ,
ਕਰ ਮੁਆਫ ਤਕਸੀਰ ਹਕੀਰ ਸਹਤੀ ॥
ਮੋਇਆਂ ਸੁਤਿਆਂ ਦੀ ਕੌਨ ਵਾਹਰ ਆਵੇ,
ਸੁਨਿਆਂ ਕਿਸੇ ਨ ਸ਼ੋਰ ਫਕੀਰ ਸਹਤੀ ।
ਕਹਿਆ ਸ਼ਕਲ ਖਤੀਰ ਦੀ ਫੇਰ ਕਰਸਾਂ,
ਅੜੀ ਨਾਲ ਫਕੀਰ ਅਸੀਰ ਸਹਤੀ ॥
ਅਖੀਂ ਖੁਲ ਗਈਆਂ ਅਭੜ ਭਾਹ ਡਿਠਾ,
ਫੇਰ ਫਕੀਰ ਨ ਖੀਰ ਸਹਤੀ ।
ਹੋਈ ਸੁਬਹ ਇਹ ਬੈਠ ਤਦਬੀਰ ਸਮਝੀ,
ਕਰਾਂ ਹੀਰ ਦੇ ਨਾਲ ਤਕਰੀਰ ਸਹਤੀ ॥

ਸੁਫਨੇ ਵਿਚ ਦੇਖੀ ਭਿਆਉਨੀ ਸੂਰਤ ਨੇ ਉਸਦਾ ਕੀ ਹਾਲ ਕੀਤਾ :-

ਕੰਬਦੀ ਕੰਬਦੀ ਦਿਨੇ ਪਾਸ ਹੀਰ ਆਈ,
ਖ਼ੁਆਬ ਰਾਤ ਦੀ ਲੈਨ ਤਅਬੀਰ ਸਹਤੀ ।
ਆਖੇ ਭਾਬੀਏ ਕੁਛ ਨ ਪੁਛ ਮੈਥੋਂ,

Digitized by Panjab Digital Library | www.panjabdigilib.org

ਰਾਤ ਜ਼ਿੰਦਗੀ ਹੋਈ ਆਖੀਰ ਸਹਤੀ ॥
ਸੁਤੀ ਪਈ ਮੈਂ ਖ਼ੁਆਬ ਕੀ ਦੇਖਨੀ ਹਾਂ,
ਓਹੋ ਜੋਗੀੜਾ ਕਹਰ ਤਕਦੀਰ ਸਹਤੀ।
ਹਥ ਲਾਲ ਮੱਥਰ ਤੇ ਕਹਰ ਭਰਿਆ,
ਸੀਨੇ ਬੈਠ ਖਾਖ ਸੁੱਟੀ ਚੀਰ ਸਹਤੀ ॥
ਨਾਲੇ ਲਾਲ ਮੱਥਰ ਦੇ ਮਾਰ ਕੀਤੀ,
ਬੰਦ ਬੰਦ ਜੁਦਾ ਸਰੀਰ ਸਹਤੀ।
ਵਾਹਰ ਵਾਹਰ ਕਰ ਰਹੀ ਬਥੇਰੜੇ ਮੈਂ,
ਕਿਸੇ ਸੁਨੀ ਨ ਕੂਕ ਜਹੀਰ ਸਹਤੀ ॥
ਨੰਗੀ ਹੱਥ ਸ਼ਮਸ਼ੀਰ ਗਲ ਰਖ ਆਖੇ,
ਦੇਵਾਂ ਫੇਰ ਮੈਂ ਆਖ ਤਕਬੀਰ ਸਹਤੀ।
ਜਦੋਂ ਲੰਗ ਗੋਡੇ ਮੇਰੇ ਹੋਏ ਬੋਡੇ,
ਆਇਆ ਫੇਰ ਨ ਨਜ਼ਰ ਫਕੀਰ ਸਹਤੀ ॥
ਯਾ ਓਹ ਜਿੱਨ ਯਾ ਭੂਤ ਅਸਰਾਰ ਕੋਈ,
ਯਾ ਓਹ ਦੇਓ ਜਾਪੀ ਕਾਸ਼ਮੀਰ ਸਹਤੀ।
ਦੂਜੀ ਬਾਰ ਜੇ ਉਹ ਫੇਰ ਆਇਆ,
ਮਾਰੇ ਮਰਾਂਗੀ ਮਾਰ ਕਸੀਰ ਸਹਤੀ ॥

ਭਿਆਨਕ ਵਾਟ ਦਾ ਵਰਨਨ :-

ਨੰਗੀ ਪੈਰੀਂ ਤੁਰੀ ਇਕੇਲੀ ਕੀਤਾ ਹੁਕਮ ਹਨੇਰੀ ਨੂੰ।
ਬਾਟ ਦੁਰੇਡੇ ਤੁਰਨਾਂ ਮੁਸ਼ਕਿਲ ਢਾ ਬੈਠੀ ਜਿੰਦ ਢੇਰੀ ਨੂੰ।
ਮਾਰਨ ਘੂਰਨ ਬਹੁਤ ਡਰਾਵਨ ਤੋਰਨ ਬਾਟ ਉਖੇਰੀ ਨੂੰ।
ਮੁੜ ਮੁੜ ਝੂਰੇ ਕਰਮ ਹੀਨ ਕੀ ਹੋ ਗਿਆ ਜਿੰਦ ਮੇਰੀ ਨੂੰ।
ਈਸ਼ਰ ਦਾਸਾ ਕੌਨ ਛੁਡਾਵੇ ਕਾਲ ਬਲੀ ਦੀ ਘੇਰੀ ਨੂੰ।

## ੭—ਜੁਗੁਪਸਾ (ਘਿਨ) ਤੇ ਬੀਭਤਸ ਰਸ

Digitized by Panjab Digital Library | www.panjabdigilib.org

ਜੁਗੁਪਸਾ ਦੇ ਅਰਥ ਹਨ ਅਰੁਚੀ, ਭਾਨਕ, ਘਿਨ ॥ ਇਸ ਦੇ ਆਲਮ-ਬਨ ਹਨ ਅਜੇਹੇ ਪਦਾਰਥ ਜਿਨ੍ਹਾਂ ਨੂੰ ਦੇਖ ਕੇ ਘਿਨ (ਘ੍ਰਿਣਾਂ) ਆਉਂਦੀ ਏ ਤੇ ਆਦਮੀ ਨਕ ਬੁਲ੍ਹ ਸੁਕੇੜਦਾ ਹੈ । ਜਿਨ੍ਹਾ ਚੀਜਾਂ ਤੋਂ ਬਦਬੂ ਆਉਂਦੀ ਹੋਵੇ । ਕਈ ਗ੍ਰਾਂਆਂ ਦੇ ਗੋਰੇ ਤੇ ਗਲੀਆਂ ਹਾਲੇ ਤਾਈਂ ਵੀ ਇਸ ਦਾ ਨਮੂਨਾ ਹਨ । ਬਰਸਾਤ 'ਚ ਆਨਕੇ ਸ਼ਹਿਰਾਂ ਦੀ ਵੀ ਅਜੇਹੀ ਅਵਸਥਾ ਹੋ ਜਾਂਦੀ ਹੈ ।

ਉਦਾਹਰਨ :- ੧ ਗੋਡੇ ਗੋਡੇ ਕੂੜਾ ਗਲੀਏਂ, ਵਾਟਾਂ ਹਗ ਹਗ ਭਰੀਆਂ ।
(ਸਾਹਿੱਤਕ) ਬੰਦਾ ਕਿਵੇਂ ਖਲੋਵੇ, ਓਥੇ ਨਾਸਾਂ ਬੂ ਨਾਲ ਸੜੀਆਂ ॥

੨ ਰੋਂਦਾ ਘੋੜੀ ਚੜਿਆ ਹਗ ਪਲਾਣਾਂ ਭਰਿਆ ।

੩ ਇਹ ਭਾਵ ਇਜੇਹੀਆਂ ਕਚੀਲ ਚੀਜਾਂ ਨੂੰ ਦੇਖ ਕੇ ਈ ਜਾਗਦਾ ਹੈ । ਤੇ ਇਸ ਰਸ ਵਿਚ ਇਜੇਹੀਆਂ ਗੱਲਾਂ ਦਾ ਈ ਵਰਨਨ ਹੁੰਦਾ ਹੈ । ਭਾਰਤੇਂਦੂ ਹਰਿਸ਼ਚੰਦ੍ਰ ਦੇ ਲਿਖੇ ਸੱਤ ਹਰਿਸ਼ਚੰਦ੍ਰ ਨਾਟਕ 'ਚ ਸ਼ਮਸ਼ਾਨ ਭੂਮੀ ਦਾ ਬਰਨਨ, ਭਿਆਨਕ ਤੇ ਬੀਭਰਸ ਦਾ ਚੰਗਾ ਉਦਾਹਰਨ ਹੈ ॥

ਹੋਰ ਉਦਾਹਰਨ :- ਮਦ ਵਿਚ ਰਿੱਧਾ ਪਾਇਕੇ ਕੁੱਤੇ ਦਾ ਮਾਸ ।
ਧਰਿਆ ਮਾਨਸ ਖੋਪਰੀ ਤਿਸ ਮੰਦੀ ਵਾਸ ।
ਰਿਤੂ ਭਰਿਆ ਕਪੜਾ ਕਰ ਕੰਜਨ ਤਾਸ ।
ਢਕ ਲੈ ਚੱਲੀ ਚੂਹੜੀ ਕਰ ਭੋਗ ਵਿਲਾਸ ।
ਆਖ ਸੁਨਾਵੇ ਪੁਛਿਆਂ ਲਾਹੇ ਵਿਸ਼ਵਾਸ ।
ਨਦਰੀ ਪਵੇ ਅਕ੍ਰਿਤਘਨ ਮਤ ਹੋਇ ਵਿਨਾਸ

ਸਧਾਰਨ ਬੋਲ ਚਾਲ 'ਚ

੧. ਇਹ ਗੱਲ ਕੀਤੀ ਐ ? ਕਿ ਪੂੰ ? (ਪੂੰ=ਪੱਦ ਮਾਰਨਾ)
੨ ਤੇਰਾ ਝਾੜਾ ਕਿਓਂ ਨਿਕਲ ਗਿਆ ?
੩ ਮੂਤ ਮੂਤ ਬਛੀਏ, ਮੂਤ ਮੂਤ ਬਛੀਏ ॥

Digitized by Panjab Digital Library | www.panjabdigilib.org

# ੮–"ਆਸ਼ਚਰਯ ਤੇ ਅਦਭੁਤ ਰਸ"

ਆਸ਼ਚਰਯ :– ਅਚੰਭਾ, ਅਨੋਖੀ ਗੱਲ ਜਿਵੇਂ :–

੧ ਪਦ ਬਿਨੁ ਚਲੇ ਸੁਨੇ ਬਿਨ ਕਾਂਨਾ,
ਕਰ ਬਿਨੁ ਕਰੇ ਕਰਮ ਬਿਧਿ ਨਾਨਾ।
ਆਨਨ ਰਹਿਤ ਸਕਲ ਰਸ ਭੋਗੀ,
ਬਿਨੁ ਬਾਨੀ ਬਕਤਾ ਬਡ ਜੋਗੀ ॥

੨ ਬਿਨੁ ਬਾਰਿਦ ਬਿਜੁਰੀ ਬਿਨਾ,
ਬਾਰਿ ਲਸਤ ਜੁਗ ਮੀਨ।
ਬਿਧੂ ਊਪਰ ਤਮ ਤੋਪ ਹੈ,
ਨਿਰਖੀ ਰੀਤਿ ਨਵੀਨ ॥

ਬਿਜਲੀ ਤੇ ਬਿਨਾ ਚਮਕ = ਸੁੰਦ੍ਰੀ ਦੀ ਸੁੰਦ੍ਰਤਾ
ਬਿਨਾ ਪਾਨੀ ਜੁਗ ਮੀਨ = ਦੋ ਨੇਤ੍ਰ, ਬਿਧੂ ਊਪਰ ਤਮ ਤੋਮ = ਮੁਖ ਦੇ ਊਪਰ ਸਿਰਦੇ ਕਾਲੇ ਵਾਲ।

ਰੰਗ ਪੁਰ (ਹੀਰ ਦਾ ਸੁਸਰਾਲ ਪਿੰਡ) ਦੀ ਕੁੜੀਆਂ ਦਾ ਅਚੰਭਾ :– ਜਿਹੜਾ ਉਨ੍ਹਾਂ ਨੂੰ ਇਕ ਨਵੀਂ ਬ੍ਰੈਸ ਦੇ ਜੋਗੀ ਨੂੰ ਦੇਖ ਕੇ ਹੋਯਾ

ਘਰ ਆ ਸਹੇਲੀਆਂ ਗੱਲ ਕੀਤੀ;
ਹੀਰੇ ਦੇਖ ਅਚੰਭੜਾ ਆਈਆਂ ਨੇ।
ਪਾਣੀ ਭਰਦੀਆਂ ਸਾਂ ਪਨਘਟ ਉੱਤੇ,
ਅਜਬ ਸੂਰਤਾਂ ਰੱਬ ਦਿਖਾਈਆਂ ਨੇ ॥
ਆਇਆ ਇਕ ਜੋਗੀ ਬਾਹਰ ਨਗਰ ਸਾਡੇ,
ਕੰਨੀਂ ਮੁੰਦ੍ਰਾਂ ਸੁੰਦ੍ਰਾਂ ਪਾਈਆਂ ਨੇ।
ਗੋਪੀ ਚੰਦ ਤੋਂ ਵੀ ਸੁਹਣਾਂ ਚੰਦ ਦਿੱਸੇ,
ਰਿਸ਼ਮਾਂ ਚੰਦ ਤੋਂ ਚੰਦ ਸਵਾਈਆਂ ਨੇ ॥

Digitized by Panjab Digital Library | www.panjabdigilib.org

ਸਿਰ ਤੇ ਸੈਹਲੀਆਂ ਅਜਬ ਬਹਾਰ ਲਾਈ,
ਗਿਰਦੇ ਚੰਨ ਜਿਵੇਂ ਘਟਾਂ ਛਾਈਆਂ ਨੇ ।
ਮੂੰਹ ਤੇ ਖਾਕ ਮਲੀ ਏ ਪਰ ਹੁਸਨ ਸੂਰਜ,
ਦੇਵੇ ਅਬਰ ਵਿਚੋਂ ਰੋਸ਼ਨਾਈਆਂ ਜੇ ॥
ਤੱਲੇ ਨਜ਼ਰ ਨ ਕਿਸੇ ਲਿਆਉਨੀ ਏਂ,
ਤੂੰ ਭੀ ਵੇਖ ਕੇ ਲਏਂ ਬਲਾਈਆਂ ਜੇ ।
ਰੰਗ ਰੂਪ ਅਨੂਪ ਸੈ ਤੁਧ ਕਲੋਂ,
ਤੇਰੇ ਜਿਹੀਆਂ ਭੀ ਓਸ ਭਰਮਾਈਆਂ ਜੇ ॥

੧. ਅਚੰਭੜਾ, ਅਜਬ, ਇਤਿਆਦਿ ਸ਼ਬਦ ਅਦਭੁਤ ਦੇ ਈ ਪ੍ਰਯਾਇਵਾਚੀ ਹਨ ॥

ਬਿਧੂ ਉੱਪਰ ਤਮ ਤੋਮ, ਤੇ ਹੁਸਨ ਰੂਪੀ ਸੂਰਜ ਦਾ ਮੂਹੰ ਹੈ ॥ ਤੇ ਮਲੀ ਹੋਈ ਖਾਕ ਵਿਚੋਂ ਦਿਖਾਈ ਦੇਨਾ, ਇਕੋ ਜਿਹਾ ਕਥਨ ਹੈ । ਅਸਾਂ ਦੀਆਂ ਨਿੱਤ ਦੀਆਂ ਬੁਝਾਰਤਾਂ 'ਚ, ਕਈਆਂ 'ਚ ਵਿਸਮੈਤਾ ਹੁੰਦੀ ਹੈ । ਅਮੀਰ ਖੁਸਰੋ ਦੀ ਪਹੇਲੀਆਂ :-

੧ ਅਚਰਜ ਬੰਗੁਲਾ ਏਕ ਬਨਾਇਆ । ਉਪਹ ਨਿਉਂ ਤਲੇ ਘਰ ਛਾਯਾ ਬਾਂਸੀ ਨ ਬੱਲੀ ਤਾਕੋ ਨੇਕ, ਵਾ ਮੈਂ ਬੈਠਾ ਪੰਛੀ ਏਕ ॥

੨. ਏਕ ਥਾਲ ਮੋਤੀ ਸੇ ਭਰਾ ਸਭ ਕੇ ਸਿਰ ਊਪਰ ਔਂਧਾ ਧਰਾ ।
ਚਾਰੋਂ ਓਰ ਥਾਲ ਵਹ ਫਿਰੇ ਮੋਤੀ ਉਸ ਸੇ ਏਕ ਨ ਗਿਰੇ ॥

'ਅਚਰਜ" ਕਹਨੇ ਵਿਚ ਹੀ ਅਦਭੁਤਤਾ ਦਾ ਪਤਾ ਲਗ ਜਾਂਦਾ ਹੈ ।
'ਉਰਦੂ ਉਦਾਹਰਨ :- ਕਹੂੰ ਕਯਾ ਰੰਗ ਉਸ ਗੁਲ ਕਾ ਅਗ ਹਾ ਹਾ ਉਹੋ ਹੋ ਹੋਂ ।

## ੯–"ਨਿਰਵੇਦ (ਵਿਵੇਕ) ਤੇ ਸ਼ਾਂਤ ਰਸ"

ਨਿਰਵੇਦ ਦਾ ਲਕਸ਼ਨ :-

Digitized by Panjab Digital Library | www.panjabdigilib.org

**ਨਿਜ ਤਨ ਕੋ ਨਿਦਰੇ ਜਹਾਂ, ਮਨ ਮੈ ਸੋਚ ਬਿਚਾਰ ।**
**ਗਿਆਨ ਮੂਲ ਨਿਰੇਵਦ ਹੈ, ਕਹਤ ਸੁਧੀ ਨਿਰਧਾਰ ॥**

ਨਿਰਵੇਦ ਦੇ ਵਾਸਤੇ ਦੂਜਾ ਸ਼ਬਦ ਵਿਵੇਕ ਹੈ, ਮਤਿ ਇਸ ਦੀ ਇਸਤ੍ਰੀ ਹੈ। "ਮੋਹ" ਇਸ ਦਾ ਵਿਰੋਧੀ ਹੈ । ਜਦ ਤਾਈਂ ਮੋਹ ਦਾ ਪੜਦਾ ਪਿਆ ਰਹਿੰਦਾ ਹੈ, ਵਿਵੇਕ ਦੀ ਗੱਲ ਨਹੀਂ ਸੁਝਦੀ । ਉਹ ਬੁੱਧੀ ਜਿਹੜੀ ਮੋਹ (ਅਗਿਆਨ) ਨੂੰ ਦੂਰ ਕਰਕੇ ਵਿਵੇਕ ਉਤਪੱਨ ਕਰਦੀ ਹੈ, "ਮਤਿ" ਅਖਾਉਂਦੀ ਹੈ । ਵਿਵੇਕ ਤੇ ਮਤੀ ਦੇ ਸੰਜੋਗ ਨਾਲ "ਪ੍ਰਬੋਧ" ਉਦਯ ਹੁੰਦਾ ਹੈ । ਇਹ ਪ੍ਰਬੋਧ ਮੁਕਤੀ ਮੋਕਸ਼, ਨਜਾਤ, Salvation ਦਿਲਾਨੇ ਵਾਲਾ ਆਵਾਗਉਨ ਤੋਂ ਛੁੜਾਨੇ ਵਾਲਾ ਹੈ । ਨਿਰਵੇਦ ਦਾ ਸ਼ਬਦਾਰਥ ਹੈ, ਖੇਦ, ਅਨੁਤਾਪ ਵੈਰਾਗ ॥ ਮਤਿ ਦਾ ਅਰਥ ਹੈ ਸਮਝ, ਰਾਏ ॥

ਲਕਸ਼ਨ :- ਨੀਤੀ ਰੀਤੀ ਅਸ ਜਾਨਿਏ, ਜ਼ਾ ਤੇ ਬਿਪਤ ਬਿਹਾਇ ।
ਜੋ ਕਹੀਏ ਕਰੀਏ ਸੋਈ, 'ਮਤਿ' ਕਹਿਏ ਤਿਹ ਗਾਇ ॥

ਸਾਹਿੱਤ ਦਰਪਨ 'ਚ ਨਿਰਵੇਦ ਦੀ ਵਿਆਖਿਆ ਇਓਂ ਕਰੀ ਗਈ ਹੈ ।

ਤਤਵ ਗਿਆਨ, ਆਪੱਤੀ ਅਥਵਾ ਕਿਸੀ ਸੰਸਾਰੀ ਦੁਖ ਯਾ ਅੜਚਨ ਕਰਕੇ ਆਪਨ ਆਪ ਨੂੰ ਧਿਕ੍ਰਾਰਨਾ ਨਿਰਵੇਦ ਹੈ ॥ ਚਿੰਤਾ ਨਾਲ ਭਰੇ ਰਹਨਾ, ਟਿਡੂ ਨਿਕਲ ਆਉਨੇ ਇਸ ਦੇ ਅਨੁਭਾਵ (ਬਾਹਿਰੀ ਚਿਨ੍ਹ) ਹਨ ॥

ਤਤਵ ਗਿਆਨ ਦੀ ਪ੍ਰਾਪਤੀ, ਸਾਧੂ ਮਹਾਤਮਾਆਂ ਦੀ ਸੰਗਤ ਅਰੁ ਰਿਖੀ ਮੁਨੀਆਂ ਦੇ ਰਚੇ ਗ੍ਰੰਥ, ਪਢਨ ਤੇ ਸੁਨਨ ਨਾਲ ਹੁੰਦੀ ਹੈ । ਅਜੇਹੇ ਭਲੇ ਲੋਕ ਤਿਆਗੀ ਤੇ ਨਿਰਮਲ ਵਿਚਾਰਾਂ ਦੇ ਸੰਤ, ਮਹਾਤਮਾ, ਔਲੀਆਂ ਤੇ ਪੈਗੰਬਰ ਹਰ ਦੇਸ਼ ਤੇ ਜਾਤਿ 'ਚ ਹੋਇਆ ਕਰਦੇ ਹਨ । ਉਦਾਸੀਨ ਅਵਸਥਾ 'ਚ ਨਿਜ ਤਨ ਨੂੰ ਧਿੱਕਾਰਦਾ ਤੇ ਸਮਝਾਉਂਦਾ ਹੋਇਆ ਬੰਦਾ ਆਖਦਾ ਹੈ :-

ਕੇਸ ਸੇ ਧੌਲ ਭਏ ਸਿਰ ਕੇ, ਸੁ ਜਰਾ ਜਗ ਸਾਪਨੀ ਡੰਕ ਚਲਾਏ ।
ਤਦੱਪਿ ਮੂਢ ਚਹੇ ਧਨ ਕੋ, ਸੁਖ ਹੇਤ ਨ ਕਭੀ ਰਾਮ ਧਿਆਏ ।

Digitized by Panjab Digital Library | www.panjabdigilib.org

ਬੋਧ ਸੁਨੀਰ ਅਬੋਧ ਜੁ ਨੀਰ ਲੋਭ ਭਲੇ ਜਗ ਮਾਂਹ ਮਿਟਾਏ ।
ਸੰਤੋਖ ਰਸਾਮ੍ਰਿਤ ਸਿੰਧੂ ਵਿਖੇ ਦੇ ਟੁਬਕੀ ਸੁਖ ਪੂਰਨ ਪਾਇ ॥

ਸ਼੍ਰੀ ਬਾਬਾ ਫਰੀਦ :- ਦੰਦਾਂ ਕੰਨਾਂ ਲੋਇਲਾ ਸਭਨਾਂ ਦਿੱਤੀ ਹਾਰ ।
ਦੇਖ ਫਰੀਦਾ ਵਿਛੜੇ ਬਾਲ ਸਖਾਈ ਯਾਰ ॥

ਸ਼ਲੋਕ ਨਾਵਾਂ ਮਹਲ :-

ਗੁਰੂ ਗੋਬਿੰਦ ਗਾਇਓ ਨਹੀਂ ਜਨਮ ਅਕਾਰਥ ਕੀਨ ।
ਕਹੁ ਨਾਨਕ ਹਰਿ ਭਜ ਮਨਾ ਜਿਹਿ ਬਿਧਿ ਜਲ ਕੋ ਮੀਨ ।

ਬਿਖਿਅਨ ਸੋਂ ਕਾਹੇ ਰਚਿਓ ਨਿਮਖ ਨ ਹੋਹਿ ਉਦਾਸ ।
ਕਹ ਨਾਨਕ ਭਜ ਹਰ ਮਨਾ ਪਰੇ ਨ ਜਮ ਕੀ ਫਾਸ ॥

ਤਰੁਨਾ ਪੋ ਇਉ ਹੀ ਗਾਇਓ ਲੀਓ ਜਰਾ ਤਨ ਜੀਤ ।
ਕਹ ਨਾਨਕ ਹਰ ਭਜ ਮਨਾ ਅਉਧ ਜਾਤ ਹੈ ਬੀਤ ॥

ਨਵਮ ਗੁਰੂ ਮਹਾਰਾਜ ਦੀ ਸਾਰੀ ਬਾਣੀ ਪੂਰਨ ਵੈਰਾਗ ਭਰੀ ਹੈ ॥ ਜਿਵੇਂ :-

ਕਹਉ ਕਹਾ ਅਪਨੀ ਅਧਮਾਈ ।
ਉਰਝਿਓ ਕਨਕ ਕਾਮਨੀ ਕੇ ਰਸ ਨਹ ਕੀਰਤਿ ਪ੍ਰਭ ਗਾਈ ਰਹਾਉ ।
ਜਗ ਝੂਠੇ ਕਉ ਸਾਚ ਜਾਨ ਕੇ ਤਾ ਸੋਂ ਰਚਿ ਉਪਜਾਈ ਦੀਨ ਬੰਧੁ ਸਿਮਰਿਓ
ਨਹੀਂ ਕਬਹੂ ਹੋਤ ਜੁ ਸੰਗ ਸਹਾਈ ॥

॥ ੧ ॥

ਮਗਨ ਰਹਿਓ ਮਾਇਆ ਮੈਂ ਨਿਸਦਿਨ ਛੁਟੀ ਨ ਮਨ ਕੀ ਕਾਈ ॥
ਕਹਿ ਨਾਨਕ ਅਬ ਨਾਹਿ ਅਨਤ ਗਤਿ ਬਿਨ ਹਰਿ ਕੀ ਸ਼ਰਨਾਈ ॥

॥ ੨ ॥

ਅਕਾਲ ਉਸਤਤਿ ॥ ਸਵੈਯੇ ॥

ਮਾਤੇ ਮਤੰਗ ਜਰੇ ਜਰ ਸੰਗ ਅਨੂਪ ਉਤੰਗ ਸੁਰੰਗ ਸਵਾਰੇ ।
ਕੋਟ-ਤੁਰੰਗ ਕੁਰੰਗ ਸੇ ਕੂਦਤ ਪਉਨ ਕੇ ਗਉਨ ਕੋਜਾਤ ਨਿਵਾਰੇ ।

Digitized by Panjab Digital Library | www.panjabdigilib.org

ਭਾਰੀ ਭੁਜਾਨ ਕੇ ਭੂਪ ਭਲੀ ਬਿਧਿ ਨਿਆਵਤ ਸੀਸ ਨ ਜਾਤ ਬਿਚਾਰੇ।
ਏਤੇ ਭਏ ਤੋ ਕਹਾ ਭਏ ਭੂਪਤਿ ਅੰਤ ਕੋ ਅੰਤ ਕੇ ਧਾਮ ਸਿਧਾਰੇ ॥

ਜੀਤ ਫਿਰੇ ਸਬ ਦੇਸ ਦਿਸਾਨ ਕੋ ਬਾਜਤ ਢੋਲ ਮਰਦੰਗ ਨਿਗਾਰੇ।
ਗੁੰਜਤ ਗੂੜ ਗਜਾਨ ਕੇ ਸੁੰਦਰ ਹਿੰਸਤ ਹੀ ਹਯਰਾਜ ਹਜਾਰੇ।
ਭੂਤ ਭਵਿਖ ਭਵਾਨ ਕੇ ਭੂਪਤ ਕਉਨ ਗਨੈ ਨਹੀਂ ਜਾਤ ਬਿਚਾਰੇ।
ਸ੍ਰੀ ਪਤਿ ਸ੍ਰੀ ਭਗਵਾਨ ਭਜੇ ਬਿਨ ਅੰਤ ਕੋ ਅੰਤ ਕੇ ਧਾਮ ਸਿਧਾਰੇ।

ਕਾਫੀ ਸਾਧੂ ਈਸ਼ਰ ਦਾਸ :-

ਬਢੇ ਚੇਤ ਹਰਿ ਚੇਤ ਪ੍ਰਾਣੀ ਬਿਨ ਸਿਮਰਣ ਪਛਤਾਵੇਂਗਾ।
ਲਾਖ ਕਰੋੜ ਬਰਸ ਜੇ ਜੀਵੇਂ, ਓੜਕ ਨੂੰ ਮਰ ਜਾਵੇਂਗਾ।

ਇਹ ਜਗ ਲੂਨ ਗਲੇ ਕੀ ਨਿਆਈਂ ਖਰਨਹਾਰ ਖਰ ਜਾਵੇਂਗਾ।
ਇਸ ਮਨ ਔਗਨਹਾਰੇ ਕੋ ਤੂੰ ਮੋੜ ਕਦੋਂ ਘਰ ਲਿਆਵੇਂਗਾ।

ਛੁਟੇਂਗਾ ਜਮ ਜਾਲੀ ਤੋਂ ਜਦ ਗੀਤ ਹਰਿ ਹਰ ਗਾਵੇਂਗਾ।
ਨਾਮ ਭੁਲਾਵੇਂ ਬਹੂ ਦੁਖ ਪਾਵੇਂ ਪੁੱਠੀ ਖਲ ਲਹਾਵੇਂਗਾ।

ਹੋਇ ਅਜੁਰਦਹ ਸਤਗੁਰ ਅੱਗੇ ਔਗਨ ਕਦ ਬਖਸ਼ਾਵੇਂਗਾ।
ਈਸ਼ਰ ਦਾਸ ਹਰਿ ਹਰ ਜਪ ਲੈ ਤੂੰ ਸਰ ਪਰ ਤਰ ਜਾਵੇਂਗਾ ॥

ਇਹੀ ਕੁਝ ਉਮਰ ਖਿਆਮ ਜੀ ਦੀ ਰੁਬਾਈ (ਚੌਪਦੀ 'ਚ ਬੀ ਮਿਲਦਾ ਹੈ :-

ਆਂ ਕਸਰ ਕਿ ਬਰ ਚਰਖ ਹਮੀ ਜ਼ਦ ਪਹਲੂ।
ਬਰ ਦਰਗਾਹ ਇ ਊ ਸ਼ਹਾਂ ਨਿਹਾਦੰਦੀ ਰੂ।
ਦੀਦੇਮ ਕਿ ਬਰ ਕੰਗੂਰਹ ਅਸ਼ ਫਾਖਤਹ਼ਏ।
ਆਵਾਜ਼ ਹਮੀ ਦਾਦ ਕਿ ਕੂ ਕੂ ਕੂ ਕੂ ਕੂ ਕੂ ਕੂ ਕੂ ॥

ਆਂ ਕਸਰ ਕਿ ਬਹਰਾਮ ਦਰੋ ਜਾਮ ਗਰਿਫਤ,

Digitized by Panjab Digital Library | www.panjabdigilib.org

ਆਹੂ ਬੱਰਹ ਕਰਦ ਓ ਸ਼ੇਰ ਆਰਾਮ ਗਰਿਫਤ ।
ਬਹਰਾਮ ਕਿ ਮੇ ਗਰਿਫਤੀ ਗੋਰੇ ਬਕੁਮੰਦ,
ਦੀਦੀ ਕੇ ਚਗੂਨਹ ਗੋਰ ਬਹਰਾਮ ਗਰਿਫਤ ॥

੧ ਅਰਥਾਤ :- ਉਹ ਮਹਲ ਜਿਹੜਾ ਅਗਾਸ ਨੂੰ ਪੁਜਦਾ ਸੀ ਜਿਸ ਦੇ ਦਰ ਉੱਤੇ ਸੁਲਤਾਨ ਆਨ ੨ ਕੇ ਸਿਜਦੇ ਕਰਦੇ ਸਨ । ਅਸਾਂ ਉਸ ਦੇ ਛਜੇ ਉੱਤੇ ਬੈਠੀ ਘੁੱਗੀ ਦੇਖੀ ਜਿਹੜੀ ਪਈ ਕੂ ਕੂ, ਕੂ ਕੂ, ਕੂ ਕੂ, ਕੂ ਕੂ ਕਰ ਰਹੀ ਸੀ । ੨ ਉਹ ਮਹਲ ਜਿਸ ਵਿਚ ਸ਼ਾਹ ਬਹਰਾਮ ਨੇ ਪਿਆਲੇ (ਸ਼ਰਾਬਾਂ) ਦੇ ਪੀਤੇ ਉਥੇ ਹਰਨਾਂ ਨੇ ਮੀਂਗਣਾਂ ਕਰੀਆਂ, ਤੇ ਸ਼ੇਰਾਂ ਨੇ ਸੁਖ ਲਏ । ਬਹਰਾਮ (ਬਾਦ-ਸ਼ਾਹ) ਜਿਹੜਾ ਗੋਰਖਰ (ਜੰਗਲੀ ਗਧੇ) ਨੂੰ ਕੁਮੰਦ ਨਾਲ ਪਕੜ ਲਿਆ ਕਰਦਾ ਸੀ, ਤੂੰ ਹੁਨ ਦੇਖਿਆ ? ਗੋਰ (ਕਬਰ) ਨੇ ਉਸ ਨੂੰ ਕਿਵੇਂ ਪਕੜਿਆ ਹੈ ॥ ਬੋਸਤਾਂ ਸ੍ਰੀ ਸਅਦੀ ਦਾ ਨੌਵਾਂ ਬਾਬ ਤੌਬਹ ਤੇ ਹੈ, ਤੌਬਹ ਭੀ ਨਿਜ ਤਨ ਨੂੰ ਨਿੱਦਨਾ ਈ ਹੁੰਦਾ ਹੈ ॥

ਇਆ ਐ ਕਿ ਉਮਰਤ ਬਹਫਤਾਦ ਰਫਤ ।
ਮਗਰ ਖੁਰਤਹ ਬੂਦੀ ਕਿ ਬਰਬਾਦ ਰਫਤ ॥ ੧

ਹਮਹ ਬਰਗ ਬੂਦਨ ਹਮੀ ਸਾਖਤੀ ।
ਬ ਤਦਬੀਰ ਰਫਤਨ ਨ ਪਰਦਾਖਤੀ ॥ ੨

ਕਯਾਮਤ ਕਿ ਬਾਜ਼ਾਰ ਮੀਨੋ ਨਿਹੰਦ ।
ਮਨਾ..ਲ ਬਇਅਮਾਲ ਨੇਕੋ ਨਿਹੰਦ ॥ ੩

ਬਜ਼ਾਅਤ ਬਚੰਦਾਂ ਕਿ ਆਰੀ ਬਰੀ ।
ਵਗਰ ਮੁਫਲਿਸੀ ਸ਼ਰਮਸਾਰੀ ਬਰੀ ॥ ੪

ਕਿ ਬਾਜ਼ਾਰ ਚੰਦਾਂ ਕਿ ਆਗਿੰਦਹ ਤਰ ।
ਤਹੀ ਦਸਤ ਰਾਦਿਲ ਪਰਾਗਿੰਦਹ ਤਰ ॥ ੫

ਜ਼ਿ ਪੰਜਹ ਦਿਰਮ ਪੰਜ ਅਗਰ ਕਮ ਸ਼ਵਦ ।
ਦਿਲਤ ਰੀਸ ਸਰ ਪੰਜਹਏ ਗਮ ਸ਼ਵਦ ॥ ੬

Digitized by Panjab Digital Library | www.panjabdigilib.org

ਚੋ ਪੰਜਾਹ ਸਾਲਤ ਬਿਰੂੰ ਸ਼ੁਦ ਜ਼ਿ ਦਸਤ ।
ਗਨੀਮਤ ਸ਼ਿਮੁਰ ਪੰਜ਼ ਰੋਜੇ ਕਿ ਹਸਤ ॥ ੭
ਅਗਰ ਮੁਰਦਹ ਮਿਸਕੀਂ ਜ਼ਬਾਂ ਦਾਸ਼ਤੇ ।
ਬ ਫ਼ੁਰਿਯਾਦ ਓ ਜ਼ਾਰੀ ਫਗਾਂ ਦਾਸਤੇ ॥ ੮
ਕਿ ਐ ਜਿੰਦਹ ਚੂੰ ਹਸਤਤ ਅਮਕਾਨ ਗੁਫਤ ।
ਲੱਬ ਅਜ਼ ਜ਼ਿਕਰ ਚੂੰ ਮੁਰਦਹ ਬਰਹਮ ਮਖੁਫੱਤ ॥ ੯
ਚੋ ਮਾਰਾ ਗਬਫਲਤ ਬਿਸ਼ੁਦ ਰੋਜ਼ਗਾਰ ।
ਤੂ ਬਾਰੇ ਦਮੇ ਚੰਦ ਫੁਰਸਤ ਸ਼ੁਮਾਰ ॥ ੧੦

੧. ਐ (ਬੰਦੇ) ਆ (ਸਮਝ ਕਰ) ਤੇਰੀ ਉਮਰ ਸੱਤਰ ਵਰਿਹਾਂ ਦੀ ਹੋਈ, ਪਰ ਤੂੰ ਸੁੱਤਾ ਈ ਰਿਹਾ, ਤੰ ਇਹ ਬਰਬਾਦ ਕਰ ਛੱਡੀ । ੨. ਸਬ ਕੁਛ ਪੈਸਾਈ ਪੈਸਾ ਬਨ ਜਾਏ, ਤੂੰ ਇਸੇ ਧੰਦੇ 'ਚ ਲਗਿਆ ਰਿਹਾ, ਜਾਨੇ ਦੀ ਚਲਾਨਾ ਕਰਨੇ ਦੀ) ਕਦੇ ਨ ਸੋਚੀ ੩. ਕਆਮਤ ਦੇ ਦਿਨ ਜਦੋਂ ਬਜਾਰ (ਲਗੇਗਾ ਤੇ ਨੇਕ ਅਮਲਾਂ ਦੇ ਰਦੇ ਸਜਾਏ ਜਾਉਨਗੇ ੪. ਆਪਨੇ ਵਿੱਤ ਦੇ ਅਨੁਸਾਰ ਜਿਤਨਾ ਕੁ (ਮਾਲ) ਲਿਆਵੇਂਗਾ' ਉੱਨਾ ਕੁ ਲੈ ਜਾਵੇਂਗਾ, ਤੇ ਜੇ ਮੁਫਲਿਸ ਹੀ ਆਇਆ ਤਾਂ ਸ਼ਰਮ ਉਠਾਨੀ ਪਵੇਗੀ । ੫, ਬਾਜ਼ਾਰ ਵਿਚ ਜਿੱਨੀ ਅਧਿਕ ਰੌਨਕ ਹੋਵੇਗੀ ਖਾਲੀ ਹੱਥ ਨੂੰ ਉੱਨੀ ਪਰੇਸ਼ਾਨੀ ਹੋਵੇਗੀ । ੬, ਜੇ ਹੱਥੋਂ ਪੰਜ ਪੈਸੇ ਘਟ ਜਾਉਨ ਤਾਂ ਤੇਰਾ ਘਾਇਲ ਚਿਤ ਚਿੰਤਾ ਨਾਲ ਭਰ ਜਾਂਦਾ ਹੈ । ੭.-(ਹਨ) ਜਦੋਂ ਤੇਰੇ ਪੰਜਾਹ ਵਰ੍ਹੇ ਹਥੋਂ ਨਿਕਲ ਚੁਕੇ ਹਨ, ਪੰਜ ਦਿਹਾੜੇ ਜਿਹੜੇ ਬਾਕੀ ਹਨ ਇਨ੍ਹਾਂ ਨੂੰ ਗਨੀਮਤ (ਲਾਹਾਵੰਤ) ਜਾਣ । ੮. ਜੇ ਬਿਚਾਰੇ ਮੁਰਦੇ ਦੇ ਮੂੰਹ ਵਿਚ ਜ਼ਬਾਨ (ਬੋਲਨੇ ਦੀ ਸੱਤਾ) ਹੁੰਦੀ ਤਾਂ ਉਹ ਰੋ ਰੋ ਕੇ ਉੱਚੀ ੨ ਵਰਲਾਪ ਕਰਦਾ ਹੋਇ-ਆ ਆਖਦਾ । ੯. ਹੇ ਜੀਵਿਤ ਮਨੁੱਖ ਜਿੰਨਾ ਚਿਰ ਤੇਰੇ ਵਿਚ ਬੋਲਨੇ ਦੀ ਸੱਤਾ ਹੈ, ਰੱਬ ਦੀ ਯਾਦ, ਭੁਲਾ ਕੇ ਮਿਰਤਕ ਵਾਂਗੂੰ ਨ ਸੌਂ । ੧੦: ਮੇਰੇ ਦਿਨ ਤਾਂ ਗਾਫਿਲੀ ਵਿਚ ਬੀਤ ਗਯੇ, ਤੂੰ ਇਨ੍ਹਾਂ ਚੰਦ ਸੁਆਸਾਂ ਤੋਂ ਲਾਭ ਲੈ ਲੈ ਪਵਿਤ੍ਰ ਬਾਈਬਲ ਈਸਾਈ ਧਰਮ ਪੁਸਤਕ ਵਿਚ ਭੀ "ਨਿਰਵੇਦ"-ਮਨ ਬੁਰਿਆਂ ਕੰਮਾਂ ਤੋਂ ਮੋੜਨੇ-ਦੇ ਉਪਦੇਸ਼ ਰਾਬਬਰ ਮਿਲਦੇ ਹਨ ॥

ਬਾਈਆਂ ਦਾ ਸ਼ੰਖਿਪਤ ਜਿਹਾ ਵਰਨਨ ਇਥੇ ਸਮਾਪਤ ਹੁੰਦਾ ਹੈ ॥

Digitized by Panjab Digital Library | www.panjabdigilib.org

੩੩ ਸੰਚਾਰੀਆਂ ਉੱਤੇ ਪੁਸਤਕ ਛਪਣੇ ਨੂੰ ਹੈ

# ਅਸ਼ੁੱਧੀ ਸ਼ੁੱਧੀ ਕੋਸ਼ਠਕ ਪੱਨਾ ੨ ਤੋਂ ਅੱਗੇ

| ਪੱਨਾ | ਪੰਕਤੀ | ਦੇ ਥਾਉਂ | ਪੜ੍ਹੀਏ |
|---|---|---|---|
| ੧੬ | ੧ | ਨ ਬਤਾਈ ਹੈ | ×××× |
| ੧੬ | ੧੧ | ਮੈਹਸ | ਭੈਂਸ |
| ੧੬ | ੧੩ | ਪਾਇਆ | ਖਾਇਆ |
| ੯ | ੧੩ | ਭ੍ਰਿਕੁਢੀ | ਭ੍ਰਿਕੁਟੀ |
| ੨੦ | ੨੪ | ਬਰ ਰਹੇ | ਥਰਹਰੇ |
| ੨੧ | ੧ | ਤ | ਤੇ |
| ੨੧ | ੨੨ | Letrally | Literally |
| ੨੨ | ੨੪ | ਮੂ ਦਨ | ਮੂੰਦ ਨ |
| ੨੩ | ੧੧ | ਤਮਜੀਲ | ਤਮਸੀਲ |
| ੨੬ | ੨ | ਅਜੀ | ਅੱਜ |
| ੨੬ | ੧੩ | ਧਕੇ | ਯਕੇ |
| ੨੬ | ੧੪ | ਧਲੰਗੇ | ਪਲੰਗੇ |
| ੨੭ | ੧੧ | ਪ੍ਰੀਤ | ਪ੍ਰੀਤ ਰੀਤ |
| ੩੧ | ੯ | ਤੋਪ | ਤੋਮ |
| ੩੨ | ੭ | ਕਲੋ | ਕੋਲੋਂ |
| ੩੨ | ੧੧ | ਹੈ ।! | ×××× |
| ੩੨ | ੧੫ | ਉਪਹ | ਉਪਰ |
| ੩੨ | ੨੦ | ਅਗ | ਅਹਾ |
| ੩੪ | ੩ | ਲੋਇਲਾ | ਲੋਇਣਾਂ |
| ੩੪ | ੬ | ਗੁਰੂ | ਗੁਨ |
| ੩੪ | ੮ | ਸੋਂ | ਸਿਉ |
| ੩੪ | ੮ | ਨਿਮਿਖ | ਨਿਮਖ |
| ੩੪ | ੯ | ਹਰ ਭਜ | ਭਜਹਰਿ |
| ੩੪ | ੧੪ | ਪ੍ਰਵ | ਪ੍ਰਭ |
| ੩੪ | ੧੫ | ਸੋ ਰਚਿ | ਸਿਉਂ ਰੁਚ |
| ੩੪ | ੧੬ | ਸੰਗ | ਸੰਗਿ |

Digitized by Panjab Digital Library | www.panjabdigilib.org

# ਉਪਸੰਘਾਰ

ਪਰਮਾਤਮਾ ਦਾ ਬਹੁਤ ੨ ਧੰਨਵਾਦ ਹੈ, ਜਿਸਦੀ ਅਪਾਰ ਕ੍ਰਿਪਾ ਕਰਕੇ ਕਈ ਵਰਿਹਾਂ ਦਾ ਦੱਬਿਆ ਦਬਾਇਆ ਇਹ ਸਾਹਿੱਤਕ ਮਨੋਰਥ ਫਲੀ ਭੂਤ ਹੋ ਰਿਹਾ ਹੈ। ਪੰਜਾਬੀ ਉਦਾਹਰਨ ਅਧਿਕ ਕਰਕੇ ਸੈਯਦ ਫ਼ਜ਼ਲ ਸ਼ਾਹ ਕ੍ਰਿਤ ਕਿੱਸਾ ਹੀਰ ਚੋਂ ਹਨ, ਜਿਹਾ ਕੁ ਪੰਨਾ ੬ ਤੇ ਆਖਿਆ ਗਿਆ ਹੈ ॥ ਸੈਯੱਦ ਵਾਰਿਸ ਸ਼ਾਹ ਰਚਿਤ ਹੀਰ ਦੇ ਦੀਬਾਚੇ 'ਚ ਸੈਯਦ ਫ਼ਜ਼ਲ ਸ਼ਾਹ ਦੀ ਹੀਰ ਦੀ ਬਾਬਤ ਲਿਖਿਆ ਹੋਇਆ ਹੈ, ਕਿ ਹੀਰ ਆਪ ਨੇ ਬਹੁਤ ਅੱਛੀ ਬਨਾਈ, ਮਗਰ ਵਹੀ ਤਜਨੀਸ ਕੀ ਸਨਅਤ (ਯਾਨੀ ਅਨੁਪ੍ਰਾਸ ਤੇ ਜਮਕ) ਪਰ ਜ਼ੋਰ ਦੀਆ ਹੈ। ਵਾਰਿਸ਼ ਸ਼ਾਹ ਕੀ ਮਅਨਵੀ ਸਨਅਤ (ਅਰਥਾਲੰਕਾਰ ਸਮਬੰਧੀ ਖ਼ੂਬੀਆਂ) ਕਹਾਂ ॥ ਲਿਖਾ ਹੈ ਕਿ

**ਤਜਨੀਸ ਕੋ ਪੰਜਾਬੀ ਮੇਂ ਆਪ ਨੇ ਹੀ ਰਿਵਾਜ ਦੀਆ ਹੈ, ਔਰ ਇਸ ਮੇਂ ਆਪ ਕਮਾਲ ਕਰ ਗਏ ਹੈਂ।**

ਤਜਨੀਸ ਕੇ ਸਬਬ ਆਮ ਲੋਗ ਇਸੇ ਬਹੁਤ ਕਮ ਸਮਝਤੇ ਹੈ। ਵਹ ਲਿਖਤਾ ਹੈ, ਚੁਨਾਂਚਿ ਭਗਵਾਨ ਸਿੰਘ ਅਪਨੀ ਹੀਰ ਮੇਂ ਕਹਤਾ ਹੈ, ਕਿ ਫ਼ਜ਼ਲ ਸ਼ਾਹ ਨੇ ਹੀਰ ਫਾਰਸੀ ਮੇਂ ਲਿਖੀ, ਬੇਚਾਰਾ ਔਰ ਕਿਯਾ ਕਹਤਾ, ਉਸ ਕੋ ਤਜਨੀਸ ਕੀ ਸਮਝ ਨਹੀਂ ਆਈ ॥ ਖੈਰ ॥ ਇਸ ਉਧਰਨ ਤੋਂ ਪਤਾ ਲਗ ਜਾਂਦਾ ਹੈ, ਕਿ ਅਦਬੀ ਸੁੰਦ੍ਰਤਾਂਆਂ ਦੀ ਸਮਝ ਤੋਂ ਕੋਰੇ ਪਾਠਕਾਂ ਨੂੰ ਫ਼ਜ਼ਲ ਸ਼ਾਹ ਦੀ ਵਿਦਵੱਤਾ ਨੇ ਕਿੰਨਾ ਚੱਕ ਚੌਂਧ ਕੀਤਾ ਹੈ। ਉਸ ਆਲੋਚਕ ਸ਼੍ਰੀਮਾਨ ਨੇ ਸੈਯਦ ਫ਼ਜ਼ਲ ਸ਼ਾਹ ਦੀ ਹੀਰ ਦੀਆਂ ਸਾਹਿਤਕ ਖ਼ੂਬੀਆਂ ਨੂੰ ਆਪੂੰ ਭੀ ਨਹੀਂ ਸਮਝਿਆ, ਜੇ ਸਮਝਿਆ ਹੁੰਦਾ ਤਾਂ ਇਸ ਵਿਚ ਮਅਨਵੀ ਸਨਅਤਾਂ (ਅਰਥ ਸਬੰਧੀ ਖ਼ੂਬੀਆਂ) ਦਾ ਅਭਾਵ ਨ ਆਖਦਾ ॥ ਭਾਈ ਭਗਵਾਨ ਸਿੰਘ ਦੀ ਹੀਰ ਤਜਨੀਸ ਤੋਂ ਕੋਰੀ ਨਹੀਂ-ਤੇ ਉਸ ਵਿਚ ਆਪਨੀ ਕਿਸਮ ਦੀਆਂ ਹੋਰ ਖ਼ੂਬੀਆਂ ਅਲਗ ਮਿਲਦੀਆਂ ਹਨ ॥ ਖੈਰ ॥

ਇਹ ਮਾਲਾ ਪੰਜਾਂ ਲੜੀਆਂ 'ਚ ਹੈ :-

੧. ਪੰਜਾਬੀ ਕਵਿਤਾ ਤੇ ਹੀਰ ਸੈਯਦ ਫ਼ਜ਼ਲ ਸ਼ਾਹ , ਸਨ 1950 ਈਂ 'ਚ

Digitized by Panjab Digital Library | www.panjabdigilib.org

ਉਰਦੂ 'ਚ ਛਪ ਚੁਕੀ ਹੈ। ਗੁਰਮੁਖੀ ਖਰੜਾ ਤੈਯਾਰ ਹੈ।

੨. ਪੰਜਾਬੀ ਕਵਿਤਾ ਅਰੁ ਸ਼ਬਦਾਲੰਕਾਰ ਛਪ ਚੁਕੀ ਹੈ।

੩. ਪੰਜਾਬੀ ਕਵਿਤਾ ਅਰੁ ਅਰਥਾਲੰਕਾਰ, ਖਰੜਾ ਤੈਯਾਰ ਹੈ॥

੪. ਪੰਜਾਬੀ ਕਵਿਤਾ ਅਰੁ ੯ ਥਾਈ, ਆਪ ਦੇ ਹੱਥਾਂ 'ਚ ਹੈ॥

੫, ਪੰਜਾਬੀ ਕਵਿਤਾ ਅਰੁ ੩੩ ਸੰਚਾਰੀ, ਖਰੜਾ ਤੈਯਾਰ ਹੈ॥

ਸਾਹਿੱਤ ਰਸਿਕਾਂ ਦੀਆਂ ਸ਼ੁਭ ਕਾਮਨਾਆਂ ਦਾ ਯਾਚਕ,

ਸਾਹਿੱਤ ਸੇਵੀ
ਜਗਤ ਰਾਮ "ਸੂਦ"

। ਇਤਿ ਸ਼ੁਭਮ ।

ਪੀਰੀ ਕਿ ਦਮ ਜ਼ਨਦ ਜ਼ਿ ਇਸ਼ਕ ਬਸ ਗਨੀਮਤ ਅਸਤ,
ਅਜ਼ ਸ਼ਾਖ ਕੁਹਨਹ ਮੇਵਏ ਨੌ ਰਸ ਗਨੀਮਤ ਅਸਤ॥

ਯਾਨੀ ਕਿ :-

ਬਰੇਸ ਅੰਤਲੀ ਲਗਨ ਜੇ ਆਨ ਲੱਗੇ,
ਧੱਨ ਭਾਗ ਤਿਨ੍ਹਾਂਦੜੇ ਆਖੀਏ ਜੀ।
ਪੇੜ ਪੱਕਿਆ ਤੇ ਸਾਈਂ ਮਿਹਰ ਕਰੇ,
ਫਲ ਮਾਰ ਚਟਖਾਰੜੇ ਚਾਖੀਏ ਜੀ॥

ਸ਼ੁਭ ਚਿੰਤਕ
ਜਗਤ ਰਾਮ "ਸੂਦ"



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ੋਣਵੀਆਂ ਧਾਰਮਿਕ ਪੁਸਤਕਾਂ

ਸਾਜਨਾ
ਬਾਦੀ

| | |
|---|---|
| ਕੀਮਤ | |
| ਚਾਰੇ ਭਾਗ | |

Digitized by Panjab Digital Library | www.panjabdigilib.org

B-1316

1933

# ਭਾਸ਼ਾ ਵਿਭਾਗ, ਪੰਜਾਬ ਦੀਆਂ

| ਲੜੀ ਨੰ: | ਪੁਸਤਕਾਂ ਦਾ ਨਾਂ |
|---|---|
| 1. | ਆਦਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ (ਫਰੀਦਕੋਟ ਵਾਲਾ ਟੀਕਾ) |

Digitized by Panjab Digital Library | www.panjabdigilib.org

Digitized by Panjab Digital Library | www.panjabdigilib.org